# ਚਿਰਾਗ

ਜੁਲਾਈ -ਸਤੰਬਰ 1993

**July - September 1993**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ਜੁਲਾਈ -ਸਤੰਬਰ 1993

**July - September 1993**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ਪੁਸਤਕ ਲੜੀ—5

# ਚਿਰਾਗ

## ਮਾਂ ਬੋਲੀ ਪੰਜਾਬੀ/ਉਸਤਾਦ ਦਾਮਨ

ਮੈਨੂੰ ਕਈਆਂ ਨੇ ਆਖਿਆ, ਕਈ ਵਾਰੀ,
ਤੂੰ ਲੈਣਾਂ ਪੰਜਾਬੀ ਦਾ ਨਾਂ ਛੱਡ ਦੇ

ਗੋਦ ਜਿਦੀ 'ਚ ਪਲ ਕੇ ਜਵਾਨ ਹੋਇਓਂ
ਉਹ ਮਾਂ ਛੱਡ ਦੇ, ਤੇ ਗਰਾਂ ਛੱਡ ਦੇ

ਜੇ 'ਪੰਜਾਬੀ ਪੰਜਾਬੀ' ਈ ਕੂਕਨਾ ਏਂ
ਜਿੱਥੇ ਖਲਾ ਖਲੋਤਾ ਏਂ, ਥਾਂ ਛੱਡ ਦੇ

ਮੈਨੂੰ ਇੰਝ ਲਗਦਾ, ਲੋਕੀਂ ਆਖਦੇ ਨੇ
ਓਏ ਪੁੱਤਰਾ! "ਆਪਣੀ ਤੂੰ ਮਾਂ ਛਡ ਦੇ"

(ਪਾਕਿਸਤਾਨ ਦਾ ਲੋਕ-ਕਵੀ)



ਪੁਸਤਕ ਲੜੀ ਨੰ: 5

# ਚਿਰਾਗ਼

ਜੁਲਾਈ-ਸਤੰਬਰ 1993

**ਸੰਪਾਦਕ :** ਹਰਭਜਨ ਸਿੰਘ ਹੁੰਦਲ

**ਸੰਪਾਦਕੀ-ਮੰਡਲ :—**
ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ

ਗ਼ਜ਼ਲਾਂ : **ਸੁਸ਼ੀਲ ਦੁਸਾਂਝ**, ਗੁਰਦੀਪ, ਮਹਿਮਾ ਸਿੰਘ

ਨਜ਼ਮਾਂ : ਰਸਿਦ ਹੁਸੈਨ, **ਗੁਰਮੀਤ ਕੱਲਰ ਮਾਜਰੀ, ਅਮਰਦੀਪ ਗਿੱਲ**

ਵਾਘਿਉਂ ਪਾਰ : **ਸਲੀਮ** ਜਹਾਂਗੀਰ

ਕਹਾਣੀ : **ਸਵਰਨ ਚੰਦਨ, ਮੋਹਨ ਰਾਕੇਸ਼, ਨਜ਼ਰ ਫ਼ਾਤਮਾ (ਪਾਕਿਸਤਾਨੀ)**

ਵਿਸ਼ੇਸ਼ ਲੇਖ : **ਹਰਭਜਨ ਸਿੰਘ ਹੁੰਦਲ, ਪਾਬਲੋ ਨੇਰੂਦਾ**

ਪੁਸਤਕ ਪੜਚੋਲ : **ਸੁਰਜੀਤ ਗਿੱਲ, ਡਾ. ਅਨੂਪ ਸਿੰਘ, ਮਹਿੰਦਰਦੀਪ ਗਰੇਵਾਲ, ਅਮਰਦੀਪ ਗਿੱਲ**

ਮਿੱਤਰਾਂ ਦੇ ਖ਼ਤ : **ਮਹਿੰਮਾ ਸਿੰਘ, ਸ਼ਾਹ ਚਮਨ, ਗੁਰਮੀਤ ਕੱਲਰ ਮਾਜਰੀ, ਸੰਤੋਖ ਸਿੰਘ ਧੀਰ, ਸ਼ਬਦੀਸ਼, ਮਕਸੂਦ ਸਾਕਿਬ, ਚੌਧਰੀ ਮੁਹੰਮਦ ਖਾਲਦ, ਸੁਸ਼ੀਲ ਦੁਸਾਂਝ**

ਪੁਸਤਕ ਪ੍ਰਾਪਤੀ : …………

ਸਹਾਇਤਾ ਰਕਮ : **ਵਾਰਸ਼ਿਕ : 25/-** **ਇਕ ਕਾਪੀ 7/-** **ਵਿਦੇਸ਼ : 200/-**

ਡਾਕ ਪਤਾ :—ਸੰਪਾਦਕ ਚਿਰਾਗ,
ਪਿੰਡ ਫੱਤੂ ਚੱਕ, ਡਾਕਖਾਨਾ ਢਿਲਵਾਂ
ਜ਼ਿਲਾ ਕਪੂਰਥਲਾ-144804

**Postal Address :** Editor Chiragh,
V. Fatu Chak, P/o Dhilwan,
Distt. Kapurthala—144804 (Pb.)

**ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J.-272, ਚਹਾਰਬਾਗ,ਜਲੰਧਰ ਤੋਂ ਪ੍ਰਕਾਸ਼ਤ ਕੀਤਾ ।**

ਸੰਪਾਦਕੀ

## ਕੁਝ ਆਪਣੇ ਬਾਰੇ

'ਚਿਰਾਗ਼' ਨੇ ਅਪਣਾ ਇਕ ਵਰ੍ਹਾ ਪੂਰਾ ਕਰ ਲਿਆ ਹੈ ਅਤੇ ਦੂਜੇ ਵਰ੍ਹੇ ਵਿਚ ਦਾਖਲ ਹੋ ਗਿਆ ਹੈ । ਇਸ ਇਕ ਸਾਲ ਵਿਚ ਅਸੀਂ ਬਹੁਤ ਕੁਝ ਸਿਖਿਆ ਹੈ । ਪਾਠਕ ਬਣਕੇ ਹੋਰਨਾਂ ਪਰਚਿਆਂ ਬਾਰੇ ਗੱਲ ਕਰਨ ਤੇ ਆਪ ਸੰਪਾਦਕ ਤੇ ਪ੍ਰਬੰਧਕ ਬਣਨ ਵਿਚ ਢੇਰ ਅੰਤਰ ਹੈ । ਇਸ ਸਮੇਂ ਦੌਰਾਨ ਮਿੱਤਰਾਂ ਸਹਿਯੋਗੀਆਂ ਤੇ ਪਾਠਕਾਂ ਨੇ ਪਰਚੇ ਦਾ ਸਵਾਗਤ ਵੀ ਕੀਤਾ ਹੈ ਇਸ ਦੀਆਂ ਘਾਟਾਂ ਤੇ ਟਕੋਰਾਂ ਲਾਈਆਂ ਹਨ ਤੇ ਵੱਡਮੁਲੇ ਸੁਝਾਅ ਦਿਤੇ ਹਨ ।

ਅਸੀਂ ਪਰਚਾ ਕੱਢਣ ਦਾ ਫੈਸਲਾ ਕਿਸੇ ਕਾਹਲੀ ਵਿਚ, ਕਿਸੇ ਸ਼ੌਕ ਦੀ ਪੂਰਤੀ ਲਈ ਨਹੀਂ ਕੀਤਾ ਸੀ । ਜਿਵੇਂ ਅਕਸਰ ਪੰਜਾਬੀ ਵਿਚ ਨਿਕਲਣ ਵਾਲੇ ਪਰਚਿਆਂ ਬਾਰੇ ਹੁੰਦਾ ਹੈ । ਅਸੀਂ ਸਾਰੇ ਸਾਹਿਤ ਦੇ ਵਿਸ਼ੇਸ਼ ਦ੍ਰਿਸ਼ਟੀਕੋਣ ਨਾਲ ਪਰਣਾਏ ਸਾਹਿਤ ਨੂੰ ਲੋਕਾਂ ਤਕ ਪੁਚਾਉਣ ਲਈ ਬਚਨਬਧਤਾ ਨਾਲ ਅਜਿਹਾ ਕਰ ਰਹੇ ਹਾਂ । ਇਸ ਕਾਰਜ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਬਾਰੇ ਅਸੀਂ ਪਹਿਲਾਂ ਵੀ ਜਾਣੂੰ ਸਾਂ । ਹੁਣ ਇਕ ਸਾਲ ਵਿਚ ਹੋਰ ਬਹੁਤ ਕੁਝ ਜਾਣ ਗਏ ਹਾਂ ਅਤੇ ਇਸ ਜਾਣਕਾਰੀ ਨੂੰ ਆਉਣ ਵਾਲੇ ਸਮੇਂ ਵਿਚ ਪਰਚੇ ਨੂੰ ਹੋਰ ਚੰਗਾ ਬਣਾਉਣ ਲਈ ਵਰਤਣ ਦਾ ਯਤਨ ਕਰਾਂਗੇ । ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਸਾਲ ਸਾਥੋਂ ਗਲਤੀਆਂ ਹੋਈਆਂ ਹਨ । ਮਿਸਾਲ ਵਜੋਂ ਅਸੀਂ ਬਚਨ ਦਿਤਾ ਸੀ ਕਿ ਲਿਖਤ ਛਾਪਣ ਸਮੇਂ ਲੇਖਕ ਦਾ ਨਾਂ ਨਹੀਂ ਕੇਵਲ ਲਿਖਤ ਦੇਖੀ ਜਾਵੇਗੀ । ਪਰੰਤੂ ਇਹ ਬਚਨ ਇਕ ਦੋ ਵਾਰ ਟੁੱਟਿਆ ਹੈ । ਇਸ ਦਾ ਸਿੱਟਾ ਇਹ ਹੋਇਆ ਹੈ ਕਿ ਸਾਡੇ ਮਿਥੇ ਦਰਿਸ਼ਟੀਕੋਨ ਦੇ ਉਲਟ ਹੀ ਲਿਖਤ ਛਪ ਗਈ । ਪਹਿਲੇ ਦੋ ਪਰਚੇ ਬਹੁਤੇ ਮਿਆਰੀ ਨਹੀਂ ਸਨ । ਮਿੱਤਰਾਂ ਨੇ ਡੂੰਘੀਆਂ ਟਕੋਰਾਂ ਰਾਹੀਂ ਸਾਨੂੰ ਸੁਚੇਤ ਕੀਤਾ । ਬਠਿੰਡੇ ਤੋਂ ਮੇਰੇ ਭਰਾ ਵਰਗੇ ਪਾਠਕ ਨੇ ਕਿਹਾ, 'ਬਾਈ ਤੇਰੇ ਚਿਰਾਗ਼ ਵਿਚ ਤੇਲ ਹੀ ਨਹੀਂ ਹੈ । ਕੁਝ ਤੇਲ ਪਾਉ ।' ਦਿੱਲੀ ਤੋਂ ਇਕ ਚੇਤਨ ਪਾਠਕ ਨੇ ਸਾਡੇ ਸਮਕਾਲੀ ਪਰਚੇ ਨਾਲ ਤੁਲਨਾ ਕਰਕੇ ਸਾਨੂੰ ਦਸਿਆ ਕਿ ਤੁਸੀਂ ਉਸ ਤੋਂ ਕਾਫੀ ਪਿਛੇ ਹੋ । ਕੁਝ ਹੋਰਨਾਂ ਨੇ ਕਮਜ਼ੋਰ ਲਿਖਤਾਂ ਵਲ ਸਾਡਾ ਧਿਆਨ ਦੁਆਇਆ ਅਸੀਂ ਉਨ੍ਹਾਂ ਦੇ ਰਿਣੀ ਹਾਂ ਅਤੇ ਅਸੀਂ ਧਿਆਨ ਰਖਣ ਦਾ ਯਤਨ ਕਰਾਂਗੇ । ਇਸ ਸਭ ਕੁਝ ਤੋਂ ਬਿਨਾ ਪੰਜਾਬੀ ਦੇ ਸਾਹਿਤਕ ਮਾਹੌਲ ਦਾ ਵੀ ਪਰਚੇ ਤੇ ਅਸਰ ਪਿਆ ਹੈ । ਕਈ ਵੇਰ ਮਿਆਰੀ ਲਿਖਤਾਂ ਨਹੀਂ ਮਿਲਦੀਆਂ । ਬਹੁਤੀ ਵੇਰ ਲਿਖਤ ਦਾ ਦਰਿਸ਼ਟੀਕੋਣ ਸਾਡੇ ਮਿਥੇ ਦਰਿਸ਼ਟੀਕੋਣ ਨਾਲ ਟਕਰਾ ਜਾਂਦਾ ਹੈ । ਅਸੀਂ ਮੱਧ ਵਰਗੀ ਪਿਛੋਕੜ ਵਾਲੇ ਹਾਂ ਕਦੇ ਕਦਾਈਂ ਲਿਹਾਜਦਾਰੀ ਵੀ ਹੋ ਜਾਂਦੀ ਹੈ ।

ਸਭ ਤੋਂ ਅਹਿਮ ਗੱਲ ਪਰਚੇ ਦਾ ਆਰਥਿਕ ਪੱਖ ਹੈ । ਅਸੀਂ ਇਸ ਬਾਰੇ ਫਿਲਹਾਲ ਸੰਤੁਸ਼ਟ ਹਾਂ । ਅਸੀਂ ਹਰ ਵੇਰ ਪਰਚੇ ਦੀ ਛਪਣ ਗਿਣਤੀ ਵਧਾਈ ਹੈ । ਸਾਡੇ ਕੋਲ ਪਰਚਾ

ਵਾਧੂ ਨਹੀਂ ਬਚਿਆ ਸਾਨੂੰ ਕੋਈ ਘਾਟਾ ਨਹੀਂ ਪਿਆ। ਅਸੀਂ ਪਰਚਾ ਕਿਸੇ ਨੂੰ ਮੁਫਤ ਨਹੀਂ ਦਿਤਾ। ਜਿਸ ਤੋਂ ਚੰਦਾ ਮੰਗਿਆ ਉਸ ਨੇ ਇਨਕਾਰ ਨਹੀਂ ਕੀਤਾ। ਸਾਨੂੰ ਗਿਲ੍ਹਾ ਕੇਵਲ ਉਹਨਾਂ ਸੁਹਿਰਦ ਮਿੱਤਰਾਂ ਤੇ ਹੈ, ਜਿਹੜੇ ਪਰਚੇ ਦੀ ਅਹਿਮੀਅਤ ਨੂੰ ਸਮਝ ਕੇ ਵੀ ਆਪਣਾ ਸਰਗਰਮ ਯੋਗਦਾਨ ਇਸ ਵਿਚ ਨਹੀਂ ਪਾ ਰਹੇ।

ਆਉਣ ਵਾਲੇ ਸਮੇਂ ਵਿਚ ਅਸੀਂ ਪਰਚੇ ਨੂੰ ਬਾਹਰੀ ਦਿੱਖ ਸਮੇਤ ਹਰ ਪੱਖੋਂ ਮਿਆਰੀ ਬਣਾ ਕੇ ਪੰਜਾਬੀ ਦੇ ਸਾਹਿਤਕ ਪਰਚਿਆਂ ਦੀ ਮੁਹਰਲੀ ਕਤਾਰ ਵਿਚ ਲਿਆਉਣ ਦਾ ਯਤਨ ਕਰਾਂਗੇ। ਨਵੀਂ ਤਕਨੀਕ ਦੀ ਛਪਾਈ ਹਾਲੇ ਸਾਡੇ ਆਰਥਕ ਦਾਇਰੇ ਤੋਂ ਬਾਹਰਲੀ ਗੱਲ ਹੈ। ਇਕ ਗੱਲ ਹੋਰ, ਅਸੀਂ ਪਰਚੇ ਨੂੰ ਰਜਿਸਟਰ ਕਰਾਉਣ ਲਈ ਕਈ ਵਰ੍ਹਿਆਂ ਤੋਂ ਯਤਨਸ਼ੀਲ ਹਾਂ। ਹੁਣ ਫਿਰ ਯਤਨ ਆਰੰਭ ਕੀਤੇ ਹਨ ਜਿਸ ਦੇ ਚੰਗੇ ਸਿਟੇ ਨਿਕਲਣ ਦੀ ਆਸ ਹੈ। ਇਸ ਸਾਰੇ ਕੰਮ ਵਿਚ ਅਸੀਂ ਤੁਹਾਡੀ ਸਾਰਿਆਂ ਦੀ ਹਮਦਰਦੀ ਤੇ ਸਹਿਯੋਗ ਦੇ ਇੱਛਕ ਹਾਂ।

—ਸੰਪਾਦਕੀ ਮੰਡਲ



ਕਹਾਣੀ

## ਕਰਜ਼ਾ/ਸਵਰਨ ਚੰਦਨ

ਗਰੀਬ ਦਾਸ ਹੈਰਾਣ ਸੀ ਕਿ ਉਹਦੇ ਸਿਰ ਏਨਾ ਕਰਜ਼ਾ ਕਿਵੇਂ ਚੜ੍ਹ ਗਿਆ। ਉਹਨੇ ਤਾਂ ਕਿਸੇ ਕੋਲੋਂ ਇਕ ਪੈਸਾ ਨਹੀਂ ਸੀ ਲਿਆ। ਪਰ ਅਜੇ ਕਲ੍ਹ ਹੀ ਇਲਮ ਦੀਨ ਨੇ ਦੱਸਿਆ ਸੀ ਕਿ ਉਹਦੇ ਸਿਰ ਕਰਜ਼ਾ ਹੈ। ਤੇ ਕਰਜ਼ਾ ਵੀ ਕੋਈ ਦੋ-ਚਾਰ ਰੁਪਏ ਨਹੀਂ ਸਗੋਂ ਪੂਰੇ ਤਿੰਨ ਹਜ਼ਾਰ ਰੁਪਏ। ਏਨਾ ਕਰਜ਼ਾ ਉਹ ਕਿਵੇਂ ਲਾਹੇਗਾ। ਉਹ ਨੂੰ ਬਿਲਕੁਲ ਹੀ ਕੋਈ ਸਮਝ ਨਹੀਂ ਸੀ ਆਈ, ਤੇ ਉਹਦਾ ਪਾਖ਼ਾਨਾ ਖੁਸ਼ਕ ਹੋ ਗਿਆ ਸੀ। ਅੱਜ ਸਵੇਰ ਤੋਂ ਲੈ ਕੇ ਦੁਪਹਿਰ ਤੱਕ ਉਹ ਕਿੰਨੀ ਹੀ ਵਾਰੀ ਹਾਜਤ ਕਰਨ ਗਿਆ ਸੀ ਪਰ ਅਜੀਬ ਗੱਲ ਕਿ ਪਾਖ਼ਾਨਾ ਨਹੀਂ ਸੀ ਉਤਰਿਆ। ਕਿਸੇ ਇਕ ਥਾਂ ਹੀ ਟਿਕਿਆ ਰਹਿੰਦਾ ਤਾਂ ਵੀ ਗੱਲ ਸੀ, ਪਰ ਇਹ ਤਾਂ ਹੋਰ ਉਤੇ ਚੜ੍ਹ ਗਿਆ ਸੀ। ਥੱਲੇ ਉਤਰਨ ਦਾ ਨਾਮ ਹੀ ਨਹੀਂ ਸੀ ਲੈਂਦਾ। ਸਾਲਾ ਪਾਖ਼ਾਨਾ ਨਾ ਹੋਇਆ, ਧਰੂ ਤਾਰਾ ਹੀ ਹੋ ਗਿਆ।

ਪਾਣੀ ਵਾਲਾ ਲੋਟਾ ਭਰਕੇ ਕਈ ਵਾਰੀ ਬਾਹਰ ਜਾ ਆਇਆ ਸੀ, ਪਰ ਬਾਤ ਬਿਲਕੁਲ ਨਹੀਂ ਬਣ ਸਕੀ। ਅੱਗੇ ਤਾਂ ਏਦਾਂ ਕਦੇ ਨਹੀਂ ਹੋਇਆ। ਬੱਸ. ਸਵੇਰੇ ਉਠੇ. ਜੰਗਲ-ਪਾਣੀ ਗਏ, ਨਹਾਤੇ-ਧੋਤੇ, ਚਾਹ ਦਾ ਗਲਾਸ ਪੀਤਾ ਤੇ ਚੱਲ ਮੇਰੇ ਭਾਈ। ਦਸ ਵਜੇ ਤਾਂਈਂ ਚਾਰ ਖੰਨੀਆਂ ਪਕਾ ਕੇ ਰੁਲਦੂ ਨੂੰ ਕੰਮ ਲਈ ਤੋਰਿਆ ਤੇ ਆਪ ਅਰਾਮ ਨਾਲ ਟੈਕਸੀਆਂ ਦੇ ਅੱਡੇ 'ਤੇ ਜਾ ਕੇ ਬੈਠ ਗਏ। ਉਥੇ ਹੀ ਇਲਮ ਦੀਨ ਵੀ ਅਖਬਾਰ ਲੈ ਕੇ ਪਹੁੰਚ ਜਾਂਦਾ, ਪੰਜ ਸੱਤ ਡਰਾਈਵਰ ਹਮੇਸ਼ਾਂ ਬੈਠੇ ਹੁੰਦੇ, ਤੇ ਫੇਰ ਗੱਪਾਂ ਮਾਰਦਿਆਂ, ਤਾਸ਼ ਦੀ ਬਾਜੀ ਲਾਉਂਦਿਆਂ ਦੁਪਹਿਰ ਹੋ ਜਾਂਦੀ। ਫੇਰ ਘਰ ਗਏ, ਗੰਢੇ ਅਚਾਰ ਜਾਂ ਕਿਸੇ ਦਾਲ-ਦੁੱਕੇ ਨਾਲ ਦੋ ਰੋਟੀਆਂ ਅੰਦਰ ਸੁੱਟੀਆਂ ਢਿਚਕੂੰ-ਢਿਚਕੂੰ ਕਰਦਿਆਂ ਵਾਪਸ ਅੱਡੇ 'ਤੇ।

ਇਹ ਬੜਾ ਚੰਗਾ ਹੋਇਆ ਸੀ ਜਿਹੜਾ ਪੀਲੀ ਛੱਤ ਵਾਲੀਆਂ ਟੈਕਸੀਆਂ ਦਾ ਅੱਡਾ ਬਣ ਗਿਆ ਸੀ। ਫੇਰ ਬਸਤੀ ਦੇ ਅੰਨ ਨਾਲ ਹੀ। ਬਸਤੀ ਦੇ ਬਾਹਰਵਾਰ ਵਗਦੀ ਕੱਚੀ ਸੜਕ, ਸਿੱਧੀ ਸੁਸਾਇਟੀਆਂ ਵਾਲੀ ਵੱਡੀ ਸੜਕ ਵਿਚ ਜਾ ਰਲਦੀ ਹੈ। ਉਥੇ ਹੀ ਅੱਡਾ ਬਣਾ ਦਿੱਤਾ ਗਿਆ ਹੈ। ਬਸਤੀ ਵਾਲਿਆਂ ਨੇ ਤਾਂ ਉਸ ਅੱਡੇ ਤੋਂ ਕੀ ਲੈਣਾ ਹੈ, ਮਕਸਦ ਤਾਂ ਸੁਸਾਇਟੀਆਂ ਵਿਚ ਰਹਿੰਦੇ ਨੌਕਰੀ-ਪੇਸ਼ਾ ਲੋਕਾਂ ਲਈ ਸੁਵਿਧਾ ਦੇਣੀ ਹੈ।

......ਡੇਢ-ਦੋ ਵਜ ਚੁੱਕੇ ਸਨ, ਤੇ ਅਜੇ ਤੱਕ ਉਹ ਟੁੱਟੀ ਜਿਹੀ ਮੰਜੀ ਤੇ ਪਿਆ ਸੀ। ਸੋਚਿਆ, ਅੱਡੇ ਤੇ ਜਾ ਕੇ ਬੈਠੇ। ਕੋਈ ਚਾਰ ਚਿਹਰੇ ਦਿਸਣਗੇ। ਕੋਈ ਗੱਲਬਾਤ ਸੁਣਨ ਨੂੰ ਮਿਲੂ। ਕੋਈ ਤਾਸ਼ ਦੀ ਬਾਜ਼ੀ......। ਪਰ ਜੇ ਉਥੇ ਬੈਠਿਆਂ ਪਾਖ਼ਾਨਾ ਉਤਰ ਆਇਆ, ਫੇਰ ? ਉਹਦੇ ਕੋਲੋਂ ਤਾਂ ਮੈਦਾਨ ਤੱਕ ਭੱਜਿਆ ਵੀ ਨਹੀਂ ਜਾਣਾ। ਕੁੱਲੀ ਤੋਂ ਅੱਡੇ ਤੱਕ ਜਾਂਦਿਆਂ ਹੀ ਸਾਹ ਵਾਲੇ ਪਟਾਕੇ ਪੈ ਜਾਂਦੇ ਸਨ। ਐਵੇਂ ਰਾਹ ਵਿਚ ਹੀ ਕਿਤੇ ਜਾਹ ਜਾਂਦੀਏ ਹੋ ਜਾਏ। ਰਿਕਸ਼ਾ ਚਲੌਣ ਨੇ ਮਾਰ ਕੇ ਰੱਖ ਦਿੱਤਾ ਨਹੀਂ ਤਾਂ ਘੋੜੇ ਵਰਗਾ ਸਰੀਰ ਹੁੰਦਾ ਸੀ। ਪਹਿਲਾਂ ਸਾਹ ਦੀ ਕਸਰ ਹੋਈ, ਦਮਾ ਤੇ ਅੰਤ ਜੋੜ ਹੀ ਖਾਲੀ ਹੋ

ਗਏ । ਮਾਂਈਂ ਮਰ ਹੀ ਚੱਲੇ ਸੀ ਇਕ ਦਿਨ । ਇਹ ਤਾਂ ਸ਼ੁਕਰ ਪਈ ਪਿਛੋਂ ਕੋਈ, ਡੀ.ਟੀ.ਸੀ. ਦੀ ਬੱਸ ਨਹੀਂ ਸੀ ਆ ਰਹੀ ਨਹੀਂ ਤਾਂ ਫਲੂਸ ਵਾਂਗੂੰ ਪਾਟ ਕੇ ਅਹੁ ਜਾਂਦਾ । ਜੇ ਕੋਈ ਕੁੜੀ ਯਾਵਾ ਟਰੱਕ ਵੀ ਆ ਜਾਂਦਾ ਫੇਰ ਵੀ ਹੈ ਨਹੀਂ ਸੀ । ਏਦਾਂ ਘੋਰੂ ਪਾਉਂਦੇ ਤੁਰੇ ਆਉਂਦੇ ਨੇ ਜਿਵੇਂ ਰਾਕਟ ਤੇ ਬੈਠੇ ਹੋਣ । ਬਈ ਕੰਜਰ ਦਿਉ ਹੌਲੀ ਮਰੋ ਖਾਂ । ਇਹ ਨਹੀਂ ਸੋਚਦੇ ਬਈ ਦਿੱਲੀ ਦੀਆਂ ਸੜਕਾਂ ਤੇ ਜੰਤਾਂ ਕੀੜਿਆਂ ਵਾਂਗੂ ਕੁਰਬਲ-ਕੁਰਬਲ ਕਰਦੀ ਫਿਰਦੀ ਆ । ਬਸ, ਏਦਾਂ ਧੱਕੀ ਤੁਰੇ ਆਉਣਗੇ ਜਿਵੇਂ ਸੜਕਾਂ ਤੇ ਗੀਟੇ ਪਏ ਹੋਣ । ਚਲੋ, ਬਚ ਗਏ ਯਾਰੋ ਨਹੀਂ ਜਿਹੜੇ ਢਾਈ ਸੁਆਸ ਬਾਕੀ ਸਨ ਉਹ ਵੀ ਹਵਾ 'ਚ ਰਲ ਜਾਂਦੇ । ਐਵੇਂ ਭੁਆਂਟਣੀ ਜਿਹੀ ਆਈ । ਅੱਖਾਂ ਅੱਗੇ ਧੂੰਆਂ ਪਸਰ ਗਿਆ । ਤੇ ਵੱਲ ਜਿਹੇ ਖਾ ਕੇ ਰਿਕਸ਼ਾ ਉਲਟ ਕੇ ਅਹੁ ਗਿਆ ।......ਚਲੋ ਫੇਰ ਵੀ ਉਤਲੇ ਨੇ ਸੁਣ ਲਈ । ਰੁਲਦੂ ਦੋ ਚਾਰ ਸੌ ਮਹੀਨਾ ਕਮਾਉਣ ਲਗ ਪਿਆ ਨਹੀਂ ਤਾਂ ਦੋ ਖੰਨੀਆਂ ਖੁਣੋਂ ਵੀ ਮਰ ਜਾਂਦੇ । ਜਿਉਂਦੇ ਤਾਂ ਹੁਣ ਵੀ ਕਾਹਦੇ ਆਂ ਪਰ ਕਿਹਦਾ ਜੀ ਕਰਦਾ ਭੰਗ ਦੇ ਭਾੜੇ ਮਰਨ ਨੂੰ ।

......ਪਰ ਇਹ ਸਾਲਾ ਕਰਜ਼ਾ ਕਿਵੇਂ ਚੜ੍ਹ ਗਿਆ । ਤੇ ਉਹਨੂੰ ਕੱਲ੍ਹ ਵਾਲੀਆਂ ਗੱਲਾਂ ਯਾਦ ਆਉਣ ਲਗ ਪਈਆਂ । ਅੱਡੇ ਤੇ ਹੀ ਬੈਠਾ ਹੋਇਆ ਸੀ । ਡਰਾਈਵਰ ਤਾਸ਼ ਦੀ ਬਾਜ਼ੀ ਲਾਉਣ ਡਹੇ ਹੋਏ । ਤੇ ਉਹਨੇ ਅੱਡੇ ਦੇ ਨਾਲ ਲਗਦੇ ਸੀਤਾ ਰਾਮ ਦੇ ਚੁੱਲ੍ਹੇ ਤੋਂ ਚਾਹ ਦਾ ਕੱਪ ਲੈ ਕੇ ਹੱਥਾਂ 'ਚ ਘੁੱਟਿਆ ਹੋਇਆ । ਕਿਤੇ ਉੱਡ ਨਾ ਜਾਵੇ । ਉਧਰੋਂ ਅਖਬਾਰ ਚੁਕੀ ਇਲਮ ਦੀਨ ਆ ਗਿਆ ।

— ਲਉ ਬਈ ਆਪਣੇ ਸਾਰਿਆਂ ਦੇ ਸਿਰ ਤਿੰਨ-ਤਿੰਨ ਹਜ਼ਾਰ ਦਾ ਕਰਜ਼ਾ ਚੜ੍ਹ ਗਿਐ । ਉਹਨੇ ਆਉਂਦਿਆਂ ਹੀ ਬੰਬ ਦੇ ਤੋੜੇ ਨੂੰ ਅੱਗ ਛੁਹਾ ਦਿਤੀ ।

— ਆਪਣੇ ਸਾਰਿਆਂ ਦੇ ਸਿਰ ?......ਉਹ ਕਿੱਦਾਂ ?—ਗਰੀਬੂ ਦਾ ਕੱਪ ਹੱਥਾਂ 'ਚੋਂ ਛੁੱਟਦਾ ਛੁੱਟਦਾ ਮਸਾਂ ਬਚਿਆ ਸੀ ।

— ਕਿੱਦਾਂ-ਕੁੱਦਾਂ ਨੂੰ ਕੌਣ ਪੁੱਛਦਾ ਏਥੇ......ਤੇਰੇ ਸਿਰ ਵੀ ਐ ।—ਇਲਮ ਦੀਨ ਨੇ ਆਪਣੀ ਮੌਲਾਨਿਆਂ ਵਰਗੀ ਦਾਹੜੀ 'ਚ ਖੁਰਕ ਕਰਦਿਆਂ ਆਖਿਆ ।

— ਪਰ ਮੈਂ ਤਾਂ ਕਿਸੇ ਤੋਂ ਆਨਾ ਨਹੀਂ ਲਿਆ ਕਦੇ ।—ਉਹ ਹਰਖਿਆ ਗਿਆ ।

— ਤੈਨੂੰ ਭਾਈ ਦੇਣਾ ਵੀ ਕਿਹਨੇ ਸੀ......ਸਰਕਾਰ ਨੇ ਲਿਐ ਪੈਸਾ...... ਹੁਧਾਰ ਚੁਕਿਐ ਦੂਜੇ ਮੁਲਕਾਂ ਤੋਂ......ਪਰ ਉਹ ਦੇਣਾ ਤਾਂ ਸਾਨੂੰ ਈ ਪੈਣਾ ।

— ਕਿਉਂ ਸਾਨੂੰ ਕਿਉਂ ਦੇਣਾ ਪੈਣਾ ਬਈ......ਜਿਹਨੇ ਲਿਆ ਉਹ ਦੇਵੇ...... ਨਾਲੇ ਕਿਤੇ ਸਾਡੇ ਤੇ ਖਰਚਦੇ ਉਹ ਨੇ ?—ਗਰੀਬ ਦਾਸ ਦੇ ਮੱਥੇ ਤੇ ਕਈ ਲਕੀਰਾਂ ਖਿਚੀਆਂ ਗਈਆਂ ।

— ਵੇਖ ਗਰੀਬੂ, ਗੱਲ ਇਹ ਆ ਬਈ ਸਰਕਾਰ ਵੀ ਤਾਂ ਅਸੀਂ ਚੁਣਦੇ ਆਂ......



ਹੁਣ ਜੇ ਕਲ੍ਹ ਨੂੰ ਉਹ ਕੋਈ ਵੀ ਚੰਗਾ ਮਾੜਾ ਕਰੂ ਤਾਂ ਉਹ ਦੀ ਜ਼ਿੰਮੇਵਾਰੀ ਤਾਂ ਸਾਡੀ ਆ ਨਾ । ਕੱਲ੍ਹ ਨੂੰ ਇਹ ਸਰਕਾਰ ਬਦਲ ਕੇ ਕੋਈ ਹੋਰ ਆ ਜੂ, ਫੇਰ ਕੋਈ ਹੋਰ । ਪਰ ਅਸਾਂ ਤਾਂ ਨਹੀਂ ਨਾ ਬਦਲ ਜਾਣਾ । ਅਸਾਂ ਤੇ ਅਇਥੇ ਹੀ ਰਹਿਣਾ ।—ਅਰਜੂ ਨੇ ਰੰਗ ਦੀ ਦੁੱਕੀ ਨਾਲ ਮੰਗਲ ਦਾ ਬਦਰੰਗ ਯੱਕਾ ਕੁਟਦਿਆਂ ਕਿਹਾ ।

— ਉਏ, ਇਹ ਵਦਾਰਾ ਸਾਧ ਆਦਮੀ ਐਂ ਇਹਨੂੰ ਕੀ ਡਹੇ ਜੇ ਸਮਝੌਣ...... ਇਹ ਨੂੰ ਕਮਲੇ ਨੂੰ ਕੀ ਪਤਾ ਬਈ ਸਿਆਸਤ ਕੀ ਸ਼ੈਅ ਆ ?—ਜੀਤੇ ਨੇ ਆਪਣੇ ਵਾਲਾਂ ਦੀਆਂ ਜਟੂਰੀਆਂ ਨੂੰ ਇਕੱਠੀਆਂ ਕਰਕੇ ਜੂੜੇ ਵਿਚ ਤੁੰਨਦਿਆਂ ਕਿਹਾ ।

—ਭਾਈ ਗਰੀਬੂ ਸਿਹਾਂ ਗੱਲ ਏਦਾਂ ਬਈ ਤਗੜੇ ਸਰਦਾਰ ਦੀਆਂ ਕੀਤੀਆਂ ਭੁਗਤਣੀਆਂ ਤਾਂ ਪਿੰਡ ਆਲਿਆਂ ਨੂੰ ਹੀ ਪੈਂਦੀਆਂ ਹੁੰਦੀਆਂ ਨੇ......ਤੂੰ ਦੱਸ ਭਲਾ ਨਹੀਂ ?—ਆਪਣੀ ਗੱਡੀ ਤੇ ਕੱਪੜਾ ਮਾਰ ਰਹੇ ਗਿਆਨੇ ਨੇ ਹੱਥ ਰੋਕਦਿਆਂ ਕਿਹਾ ।

— ਪਰ ਆਪਾਂ ਕੋਲ ਤਾਂ ਕੱਚੀ ਕੌਡੀ ਨਹੀਂ, ਦਿਆਂਗੇ ਕਿਥੋਂ ?—ਗਰੀਬ ਦਾਸ ਦਾ ਚਿਹਰਾ ਅੱਧਾ ਕੁ ਰਹਿ ਗਿਆ ।

— ਉਏ ਉਹਨਾਂ ਨੂੰ ਬਥੇਰੇ ਵੱਲ ਆਉਂਦੇ ਆ ਲੈਣ ਦੇ......'ਦੇਸ਼ ਖਤਰੇ 'ਚ ਹੈ' ਦਾ ਨੁਸਖਾ ਹੈ ਉਹਨਾਂ ਕੋਲ ।......ਵੇਖੀਂ ਖਾਕੀ ਵਰਦੀਆਂ ਆਲੇ ਬਸਤੀ 'ਚ ਆ ਵੜੇ ਤਾਂ ਕਿਵੇਂ ਦੇਂਦੇ ਆ ਸਾਰੇ ਈ......ਤੈਥੋਂ ਵੀ ਲੈ ਲੈਣਗੇ ਉਹ । ਅਰਜੂ ਨੇ ਤਾਂ ਜਿਵੇਂ ਉਹਦੇ ਦਰਕ ਹੀ ਕੱਢ ਦਿਤੇ ਸਨ ।

— ਪਰ ਜਦ ਮੇਰੇ ਕੋਲ ਹੈ ਈ ਕੁਸ਼ ਨਈਂ ਫੇਰ ਲੈ ਕਿਥੋਂ ਲੈਣਗੇ ?—ਉਹ ਨੇ ਉਜ਼ਰ ਕੀਤਾ ।

— ਲੈ ਲੈਣਗੇ......ਅਗਲਿਆ ਕਹਿਣਾ ਤੇਰਾ ਮੁੰਡਾ ਕਮੌਂਦਾ, ਤੂੰ ਸਾਰੀ ਉਮਰ ਕਮਾਈ ਕੀਤੀ ਐ......ਕੱਢ ਤਿੰਨ ਹਜ਼ਾਰ......ਏਸ ਲਈ ਪੈਸਾ ਹੁਣੇ ਤੋਂ ਤਿਆਰ ਕਰ ਲੈ ਨਹੀਂ ਤਾਂ ਅਗਲਿਆਂ ਆਹ ਟੋਭੇ ਤਾਂਈਂ ਨ੍ਹੀਂ ਜਾਣ ਦੇਣਾ ।—ਗਿਆਨੇ ਨੇ ਇਕ ਹੋਰ ਤੁਣਕਾ ਮਾਰਿਆ ।

— ਇਹ ਸਾਨੂੰ ਭੁਲੇਖਾ ਵਾ......ਮੇਰੇ ਕੋਲ ਪੈਸੇ ਕਿਥੇ......ਮੁੰਡੇ ਦੀ ਕਮਾਈ ਨਾਲ ਤਾਂ ਮਸਾਂ ਚਾਰ ਖੰਨੀਆਂ ਪੱਕਦੀਆਂ......ਸਾਡੇ ਕੋਲ ਹੈਗੀਆਂ ਥਹੀਆਂ ਨੋਟਾਂ ਦੀਆਂ । ਧਾਡੇ ਭਾਣੇ ਸਾਰੇ ਧਿਆੜੇ ਅਰਗੇ ਈ ਆ ।—ਬਚਦੀ ਚਾਹ ਦਾ ਘੁੱਟ ਭਰਦਿਆਂ ਗਰੀਬੂ ਨੇ ਵਿਚੇ ਵਿਚ ਰਿੱਝਦਿਆਂ ਆਖਿਆ ।

— ਠੀਕ ਐ ਫੇਰ ਟੰਬੇ ਖਾਣ ਲਈ ਤਿਆਰ ਰਹੁ ।—ਕਹਿੰਦਿਆਂ ਹੋਇਆ ਅਰਜੂ ਨੇ ਆਖਰੀ ਸਰ ਵੀ ਹਥਿਆ ਲਈ ।

ਦਰਅਸਲ, ਗਰੀਬੂ ਅੱਜ ਕੋਈ ਪਹਿਲੀ ਵਾਰੀ ਉਹਨਾਂ ਦੇ ਮੌਜੂ ਦਾ ਕੇਂਦਰ ਨਹੀਂ ਸੀ ਬਣਿਆ, ਅੱਗੇ ਵੀ ਕਈ ਵਾਰੀ ਬਣਿਆ ਸੀ । ਪਰ ਉਹ ਗੱਲਾਂ ਐਵੇਂ ਟੁੱਟੀਆਂ ਜਿਹੀਆਂ ਹੁੰਦੀਆਂ । ਕਦੇ ਚਾਹ ਪਿਆਉਣ ਦੀਆਂ, ਕਦੇ ਉਹਨੂੰ ਛੱਡ ਕੇ ਭੱਜ ਗਈ ਰੁਲਦੂ ਦ ਮਾਂ ਦੀਆਂ ਤੇ ਕਦੇ ਉਹਦੇ ਗਸ਼ ਖ ਕੇ ਰਿਕਸ਼ੇ ਤੋਂ ਡਿੱਗ ਪੈਣ ਦੀਆਂ । ਪਰ ਕੱਲ੍ਹ ਤਾਂ ਹੋਰ

ਈ ਗੱਲਾਂ ਤੁਰ ਪਈਆਂ ਸਨ ।......ਚਾਰ-ਪੰਜ ਮਿੰਟ ਗਰੀਬੂ ਉਦਾਸਿਆ ਜਿਹਾ ਬੈਠਾ ਰਿਹਾ ਸੀ ਜਦੋਂ ਕਿ ਇਲਮ ਦੀਨ ਹੋਰ ਖਬਰਾਂ ਪੜ੍ਹਕੇ ਸੁਣਾਉਂਦਾ ਰਿਹਾ ਸੀ ।

— ਯਾਰ ਇਲਮ ਦੀਨਾ, ਸੱਚੀਂ ਦੇਣਾ ਪਊ ਕਰਜਾ ਕਿ ਐਵੇਂ......।—ਉਹਨੇ ਉਹਦੀ ਸੁਣਾਈ ਜਾ ਰਹੀ ਖਬਰ ਨੂੰ ਵਿਚੋਂ ਹੀ ਵਿਹਨ ਦਿੱਤਾ ਸੀ ।

— ਲੈ, ਕਮਲਿਆ ਹੋਰ ਕਿਤੇ ਮੈਂ ਮਖੌਲ ਡਿਹਾਂ ਹੋਇਆ ਕਰਨ......ਤੂੰ ਇਹ ਹਿਸਾਬ ਲਾ ਬਈ ਅੱਗੇ ਨਹੀਂ ਦਿਤਾ ਅਸਾਂ ਸਭ ਕੁਸ਼......ਚੀਨ ਨਾਲ ਜੰਗ ਲੱਗੀ ਤਾਂ ਦੇਸ਼ ਨੂੰ ਬਚਾਉਣ ਦੇ ਨਾਂ ਤੇ ਉਗਰਾਹੀਆਂ ਹੋਈਆਂ, ਪਾਕਿਸਤਾਨ ਨਾਲ ਲੱਗੀ ਤਾਂ ਵੀ ਉਹੋ ਕੰਮ......ਜਦੋਂ ਵੀ ਕਿਤੇ ਘਾਟਾ ਪੈਂਦਾ ਸਰਕਾਰ ਸਾਡੇ ਤੇ ਟੈਕਸ ਨਹੀਂ ਠੋਕਦੀ ? ......ਅਖੇ ਜੀ ਫਲਾਣੇ ਥਾਂ 'ਕਾਲ ਪੈ ਗਿਆ, ਰੋਟੀ-ਕਪੜਾ ਦਿਉ, ਕੰਬਲ ਦਿਉ...... ਤੇ ਦੇਸ਼ ਕੌਮ ਦਾ ਨਾਂ ਸੁਣਕੇ ਬੀਬੀਆਂ ਤਾਂ ਹੱਥੀਂ ਕੰਨੀਂ ਪਾਇਆ ਸੋਨਾ ਵੀ ਲਾਹ ਕੇ ਦੇ ਦੇਂਦੀਆਂ......ਸਰਕਾਰ ਨੇ ਤਾਂ ਭਾਈ ਗਰੀਬ ਦਾਸਾ ਲੈਣਾ ਹੀ ਲੈਣਾ ਹੁੰਦਾ ਦੇਣਾ ਕੁਸ਼ ਨਈਂ ।—ਇਲਮ ਦੀਨ ਨੇ ਉਹਨੂੰ ਖੋਹਲ ਕੇ ਸਮਝਾਇਆ ।

— ਤੇ ਆਹ ਕਾਰਾਂ ਕੋਠੀਆਂ ਵਾਲੇ, ਫੈਕਟਰੀਆਂ ਦੁਕਾਨਾਂ ਵਾਲੇ—ਇਹੀ ਵੀ ਦੇਣਗੇ ਸਾਰੇ ?—ਗਰੀਬੂ ਨੇ ਹੋਰ ਜਾਣਨਾ ਚਾਹਿਆ ।

—ਲੈ, ਇਹਨਾਂ ਕੀ ਦੇਣਾ ਭਲਾ ?......ਦੇਸ਼ ਕੀ ਲਗਦਾ ਇਹਨਾਂ ਦਾ...... ਇਹ ਵੀ ਲੈਣ ਆਲਿਆਂ 'ਚੋਂ ਹੀ ਨੇ। ਇਹ ਸਗੋਂ ਸਰਕਾਰ ਤੋਂ ਲੈਂਦੇ ਨੇ । ਅਖੇ ਜੀ ਘਾਟਾ ਪੈ ਰਿਹਾ । ਬਾਹਰਲੇ ਮੁਲਕਾਂ ਨੂੰ ਘੱਲਣ ਲਈ ਮਾਲ ਤਾਂ ਹੀ ਤਿਆਰ ਹੋ ਸਕਦਾ ਜੇ ਗਰਾਂਟ ਦਿਓਗੇ ਤਾਂ । ਤੇ ਸਰਕਾਰ ਦੇਂਦਾ ਐ ਸਭੋ ਕੁਸ਼ ।......ਹੁਣ ਵੀ ਜਿਹੜਾ ਕਰਜ਼ਾ ਚੁਕਿਆ ਵਾ ਇਹਨਾਂ ਦੀਆਂ ਝੋਲੀਆਂ 'ਚ ਹੀ ਜਾਣੈਂ......ਅਖੇ ਜੀ ਡੈਮ ਬਣਾਉਣ ਦਾ ਕੰਟਰੈਕਟ ਐ......ਆਹ ਨਹਿਰ ਕੱਢਣ ਦਾ ਤੇ ਆਹ ਸੜਕਾਂ ਤੇ ਪੁਲ ਬਣਾਉਣ ਦਾ .....।—ਇਲਮ ਦੀਨ ਬੋਲਦਾ ਗਿਆ ਪਰ ਗਰੀਬ ਦਾਸ ਨੂੰ ਕੋਈ ਬਹੁਤੀ ਸਮਝ ਨਹੀਂ ਆਈ ।

— ਪਰ ਯਾਰ ਇਹ ਕਰਜ਼ਾ ਤੇਰੇ ਮੇਰੇ ਸਿਰ ਕਿਵੇਂ ਚੜ੍ਹ ਗਿਆ ਇਹ ਨਹੀਂ ਸਮਝ ਔਂਦੀ ਮੈਨੂੰ ?—ਗਰੀਬ ਦਾਸ ਨੇ ਆਪਣੇ ਚਿੱਟੇ ਹੋ ਚੁੱਕੇ ਚਾਰ ਕੁ ਵਾਲਾਂ ਨੂੰ ਉਂਗਲਾਂ ਨਾਲ ਨਾਲ ਫਰੋਲਦਿਆਂ ਪੁੱਛਿਆ ।

— ਕਿਵੇਂ ਦਾ ਕੀ ਮਤਲਬ......ਆਹ ਅਖਬਾਰ 'ਚ ਲਿਖਿਆ ਹੋਇਆ ਪਈ ਲੋਕਾਂ ਉਤੇ ਪ੍ਰਤੀ ਜੀਅ ਦੇ ਹਿਸਾਬ ਨਾਲ ਤਿੰਨ ਹਜ਼ਾਰ ਦਾ ਕਰਜ਼ਾ ਚੜ੍ਹ ਗਿਐ ।

— ਅਖਬਾਰ ਝੂਠ ਵੀ ਤਾਂ ਬੋਲ ਸਕਦਾ ।

— ਭਾਈ ਗਰੀਬੂ ਸਿਹਾਂ ਏਹੋ ਜਿਹੀਆਂ ਗੱਲਾਂ 'ਚ ਅਖਬਾਰ ਨ੍ਹੀਂ ਝੂਠ ਬੋਲਦੇ ਹੁੰਦੇ......ਏਸੇ ਆਸਰੇ ਤਾਂ ਇਹ ਚਲਦੇ ਆ ।—ਗੱਡੀ ਨੂੰ ਸਾਫ਼ ਕਰਨ ਦਾ ਕੰਮ ਮੁਕਾ ਕੇ ਗਿਆਨ ਸੋਂਹ ਉਹਨਾਂ ਦੇ ਕੋਲ ਲੱਤਾਂ ਲਮਕਾ ਕੇ ਮੰਜੇ ਉਤੇ ਬਹਿ ਗਿਆ ਸੀ ।



— ਤੁਸੀਂ ਵੀ ਦਿਉਗੇ ਫੇਰ ਸਾਰੇ ਈ ?

— ਦਿਉਗੇ ਕੀ, ਦੇਣੇ ਪੈਣੇ ਆਂ ਨਹੀਂ ਅਗਲਿਆਂ ਸੰਗਲਾਂ 'ਚ ਨੂੜ ਕੇ ਚੂਹਿਆਂ ਆਲੇ ਅੰਦਰ ਕਰ ਦੇਣਾ ਵਾਂ ।—ਮੰਗਲ ਨੇ ਆਪਣੀ ਆਰ ਲਾਈ ਤੇ ਗਰੀਬੂ ਕੰਬ ਕੇ ਰਹ ਗਿਆ ।

ਇਹੋ ਮੰਗਲ ਜਦੋਂ ਨਵਾਂ ਨਵਾਂ ਪੰਜਾਬ ਤੋਂ ਟੈਕਸੀ ਡਰਾਈਵਰ ਬਣਨ ਲਈ ਆਇਆ ਸੀ ਤਾਂ ਗਰੀਬੂ ਦੀ ਥਾਂ ਸਾਰੇ ਇਹਦਾ ਮੌਜੂ ਉਡਾਉਂਦੇ ਹੁੰਦੇ ਸਨ । ਪਰ ਫੇਰ ਜਦੋਂ ਟੈਕਸੀ ਚਲਾਉਣੀ ਸਿੱਖ ਲਈ ਤੇ ਸਵਾਰੀਆਂ ਢੋਣ ਲਗ ਪਿਆ ਤਾਂ ਕਿਤੇ ਜਾ ਕੇ ਉਹਦੀ ਮਾੜੀ ਜਿਹੀ ਭੱਲ ਬਣੀ ਸੀ । ਪਰ ਅਜੇ ਦਿੱਲੀ ਦੀਆਂ ਸੜਕਾਂ ਦਾ ਧਿਆਨ ਨਾ ਹੋਣ ਕਰਕੇ ਗਿਆਨਾ ਉਹਨੂੰ ਲੰਮੇਂ ਹੱਥੀਂ ਲੈਂਦਾ ਹੁੰਦਾ ਸੀ। ਪਰ ਹੁਣ ਤਾਂ ਏਸ ਗੱਲ ਨੂੰ ਦੋ ਸਾਲ ਹੋਣ ਲੱਗੇ ਸਨ । ਹੁਣ ਉਹ ਦਿੱਲੀ ਦੀਆਂ ਚਾਰੇ ਦਿਸ਼ਾਵਾਂ ਦਾ ਗਿਆਨਾ ਬਣ ਗਿਆ ਸੀ । ਜਦੋਂ ਤਕਾਲੀਂ ਨੋਟ ਗਿਣਦਾ ਤਾਂ ਸਾਰੇ ਕਹਿੰਦੇ :

— ਅੱਜ ਫੇਰ ਕਰਾ ਦੇ ਮੂੰਹ ਕੌੜਾ ਮੰਗਲ ਸਿਹਾਂ......ਅੱਜ ਤਾਂ ਨੋਟੀਆਂ ਵਾਧੂ ਹੋਈਆਂ ਫਿਰਦੀਆਂ ।

— ਕਾਹਦੀਆਂ ਵਾਧੂ ਯਾਰਾ, ਅਜੇ ਤਾਂ ਬੁੜ੍ਹੇ ਨੂੰ ਚਾਰ ਪੈਸੇ ਘੱਲਣੇ ਐ...... ਲੀੜੇ ਵੱਖ ਪਾਟੇ ਪਏ ਆ......ਮਾਂਈਂ ਹਾਲ ਆ ਕੋਈ ?—ਉਹ ਆਪਣੀਆਂ ਮਜਬੂਰੀਆਂ ਦਾ ਰੋਣਾ ਰੋਂਦਾ ਹੋਇਆ ਉਹਨਾਂ ਨੂੰ ਤਿਲਕਾਉਂਦਾ ।

— ਕਿਉਂ ਐਵੇਂ ਮਰੀ ਜਾਣ ਡਿਗ ਹੋਇਆਂ, ਚਲ ਵੀਹ-ਵੀਹ ਰੁਪਈਏ ਪਾ ਕੇ ਬੋਤਲ ਲੈ ਆਉਨੇ ਆਂ ।—ਤੇ ਫੇਰ ਚਾਰ ਜਣੇ ਵੀਹ ਵੀਹ ਰੁਪਏ ਪਾ ਕੇ ਬੋਤਲ ਦਾ ਢੱਕਣ ਖੋਹਲਣ ਜੋਗੇ ਹੋ ਜਾਂਦੇ ।

ਗਰੀਬੂ ਬੈਠਾ ਬੈਠਾ ਸੋਚ ਰਿਹਾ ਸੀ : ਐਵੇਂ ਰਿਕਸ਼ਾ ਚਲਾ ਚਲਾ ਕੇ ਜਾਨ ਮਾਰ ਲਈ । ਕਦੇ ਟੈਕਸੀ ਡਰੈਵਰ ਬਣ ਜਾਂਦਾ ਤਾਂ ਆ ਸੁਆਦ ਜਾਂਦਾ ਜੀਣ ਦਾ । ਪੈਟਰੋਲ ਪਾਇਆ, ਗੱਡੀ ਤੋਰੀ ਤੇ ਬੱਸ । ਨਾ ਸਾਹ ਦੀ ਤਕਲੀਫ ਹੁੰਦੀ, ਨਾ ਦਮਾ ਹੁੰਦਾ ਤੇ ਨਾ ਜੋੜਾਂ 'ਚ ਤਰਾਟਾਂ ਉਠਦੀਆਂ । ਤਕਾਲੀ ਨੋਟਾਂ ਨਾਲ ਖੀਸਾ ਭਰਿਆ ਹੁੰਦਾ । ਇਹਨਾਂ ਨੂੰ ਤਿੰਨ ਹਜਾਰ ਦੇਣਾ ਕੀ ਔਖਾ ।......ਪਰ ਕਿਤੇ ਦੇਣਾ ਹੀ ਨਾ ਪੈ ਜਾਏ । ਜਦੋਂ ਅਖਬਾਰ 'ਚ ਲਿਖਿਆ ਆ ਗਿਆ ਤਾਂ ਫੇਰ ਖਣੀਂ ਦੇਣਾ ਹੀ ਪਵੇ ? ਫੇਰ, ਇਲਮ ਦੀਨ ਕਹਿੰਦਾ ਪਈ ਸਭ ਨੂੰ ਦੇਣਾ ਪੈਣਾ । ਨਾਲੇ ਕਹਿੰਦਾ ਬਈ ਵੱਡਿਆਂ ਵੱਡਿਆਂ ਨੂੰ ਨਹੀਂ ਵੀ ਦੇਣਾ ਪੈਣਾ ।......ਇਹ ਕੁੜੀ ਯਾਵੀ ਬਿੱਜ ਸਾਡੇ ਅਰਗਿਆਂ ਤੇ ਹੀ ਕਿਉਂ ਪੈਂਦੀ ਆ ? ਕਰੇ ਕੋਈ ਤੇ ਭਰੇ ਕੋਈ । ਹੁਧਾਰ ਚੁਕੇ ਸਰਕਾਰ ਤੇ ਦੇਣਾ ਪਵੇ ਸਾਨੂੰ । ਇਹ ਸਰਕਾਰ ਵੀ ਡੈਣ ਹੋ ਕੇ ਟੱਕਰੀ ਹੋਈ ਐ । ਅਖੇ ਜੀ ਸਭ ਨੂੰ ਘਰ ਦਿਆਂਗੇ, ਜ਼ਮੀਨ ਦਿਆਂਗੇ, ਅਸੀਂ ਹੁਣ ਅਜਾਦ ਹੋ ਗਏ ਆ । ਮੋਇਆਂ ਮਾਂ ਯਾਵਿਆਂ ਦਾ ਸਿਰ ਦਿਉਗੇ ਤੁਸੀਂ ਸਾਡੇ ਅਰ-ਗਿਆਂ ਨੂੰ । ਤੁਸੀਂ ਸਾਨੂੰ ਲੁੱਟ ਕੇ ਖਾ ਲਉ ਏਨਾ ਥੋੜ੍ਹਾ ਵਾ । ਦੇਣਾ ਦੁਆਉਣਾ ਕਿਸੇ ਕੰਜਰ ਨੇ ਕੀ ਆ ਸਾਨੂੰ ?

ਆਪਣੇ ਅੰਦਰ ਹੀ ਕਿਤੇ ਚਿੱਪਰਾਂ ਲਾਹੁੰਦਾ—ਜੋੜਦਾ ਉਹ ਉਠਿਆ ਤੇ ਬਸਤੀ ਵੱਲ ਨੂੰ ਤੁਰ ਪਿਆ।

— ਪੈਹੇ ਕੱਠੇ ਕਰ ਲਾ ਫਿਰ ਮਖ਼ਿਆ ਯਾਦ ਨਾ।—ਮੰਗਲ ਨੇ ਤੁਰੇ ਜਾਂਦੇ ਦੀ ਪਿੱਠ ਤੇ ਇਕ ਵਾਰੀ ਫੇਰ ਦੁਨਾਲੀ ਰੱਖ ਦਿਤੀ। ਗਰੀਬੂ ਕੁਝ ਨਹੀਂ ਬੋਲਿਆ। ਤੁਰਿਆ ਗਿਆ। ਫੇਰ ਉਹ ਸਾਰੇ ਹਸਣ ਲੱਗ ਪਏ। ਉਹਦਾ ਸਰੀਰ ਝੂਠਾ ਜਿਹਾ ਪੈ ਗਿਆ।

......ਕਰ ਲਉ ਕੰਜਰ ਦਿਓ ਤੁਸੀਂ ਵੀ ਪੂਰੀਆਂ ਆਪਣੇ ਮਨਾਂ ਦੀਆਂ। ਸਾਲੇ ਹੀ-ਹੀ ਕਰੀ ਜਾਂਦੇ ਆ। ਪੈਸੇ ਜੁ ਕੋਲ ਹੋਏ। ਆਉਂਦੀਆਂ ਗੱਲਾਂ। ਉਹਨੂੰ ਇਲਮ ਦੀਨ ਤੇ ਗੁੱਸਾ ਆਇਆ। ਕਦੇ ਕਈ ਚੱਜ ਦੀ ਖਬਰ ਨਹੀਂ ਸੁਣਾਈ। ਕਾਲੀ ਖਬਰ ਲਿਆਊ ਕੱਢ ਕੇ ਕਿਤਿਉਂ। ਸਾਰਾ ਦਿਨ ਬੈਠਾ ਜੁਗਾਲੀ ਕਰਦਾ ਰਹੂ। ਜਦੋਂ ਵੇਖੋ ਅਖਬਾਰ ਜਿਹੀ ਚੱਬੀ ਜਾਊ। ਨਿਰਾ ਕੀੜਾ ਕਿਸੇ ਥਾਂ ਦਾ। ਜਿਉਂ ਲਗਦਾ ਕੀੜੇ ਆਂਗੂ ਵਰਕੇ ਤੋਂ ਦਾਲ ਚੁਗਣ ਬੱਸ ਚੁਗੀ ਹੀ ਤੁਰਿਆ ਜਾਊ। ਅੱਜ ਆਹ ਹੋ ਗਿਆ, ਕੱਲ੍ਹ ਆਹ ਹੋ ਗਿਆ। ਬਈ ਭਲਿਆ ਮਾਨਸਾ ਕੁਸ਼ ਹੱਸ਼ ਕਰ। ਅੱਗੇ ਕਿਹੜਾ ਸੁਖ ਦੀ ਨੀਂਦੇ ਡਹੇ ਆਂ ਸੌਣ ਬਈ ਉਤੋਂ ਹੋਰ ਮੁਆਤਾ ਲਾ ਦੇਨਾਂ। ਬੰਦਾ ਹੋਇਆ ਕੋਈ ਕੰਮ ਦੀ ਗੱਲ ਸੁਣਾਈ। ਚਲੋ ਬਈ ਅਗਲਾ ਸਾਹ ਸੌਖਾ ਆਵੇ। ਨਹੀਂ। ਉਹੋ ਸੁਣਾਊ ਜਿਹੜੀ ਬਚਦਾ ਲਹੂ ਵੀ ਪੀ ਜਾਵੇ। ਸਾਲਾ ਜੋਕ ਜਿਹਾ...ਪਰ ਜੇ ਦੇਣੇ ਹੀ ਪੈ ਗਏ ਫੇਰ ਕਿਹਦੀ ਮਾਂ ਨੂੰ ਮਾਸੀ ਕਹਾਂਗੇ। ਪਰ ਦੇਣੇ ਕਿਥੋਂ ਆਂ ? ਨਹੀਂ ਐਵੇਂ ਭੌਂਕਦਾ ਕੁੱਤਾ। ਕਿਵੇਂ ਦੇਣੇ ਪੈ ਸਕਦੇ ਆ ? ਜਦ ਅਹਾਂ ਕਿਤੇ ਗੂਠਾ ਨਹੀਂ ਲਾਇਆ, ਲਏ ਨਹੀਂ ਫੇਰ ਦੇਣੇ ਕਿਵੇਂ ਪੈ ਜਾਣਗੇ। ਮੈਂ ਏਦੂੰ ਪਹਿਲਾਂ ਹੀ ਨਾ ਨਿਕਲ ਜਾਊਂ ਏਥੋਂ। ਮੁੰਡਾ ਕਰਦਾ ਰਵ੍ਹੂ ਕੰਮ ਏਥੇ। ਮੈਂ ਤਾਂ ਭਿਣਖ ਪੈਂਦਿਆਂ ਹੀ ਤੁਰ ਜਾਣੈ। ਲੈ ਲੈਣ ਮੈਥੋਂ ਪਰਨੋਟੀਆਂ।...ਸਭ ਸਰਕਾਰਾਂ ਲੋਕਾਂ ਦਾ ਲਹੂ ਪੀਂਦੀਆਂ। ਡੈਣ ਬਣਕੇ ਟੱਕਰੀਆਂ ਹੋਈਆਂ।...ਦਿਤਾ ਕੀ ਆ ਸਾਨੂੰ ਕਿਸੇ ਕੰਜਰ ਦੀ ਸਰਕਾਰ ਨੇ। ਬਥੇਰੇ ਤਰਲੇ ਲਏ ਸੀ ਲੋਨ ਵਾਸਤੇ ਬਈ ਆਪਣਾ ਰਿਕਸ਼ਾ ਬਣ ਜਾਏ। ਪਰ ਨਹੀਂ ਕਿਸੇ ਨੇ ਆਨੇ ਤੋਂ ਨਹੀਂ ਪੁਛਿਆ। ਤੇ ਅਖੀਰ ਰਤਨ ਸੈਂਹ ਤੋਂ ਭਾੜੇ ਦਾ ਰਿਕਸ਼ਾ ਲੈ ਕੇ ਵਾਹਿਆ ਸਾਰੀ ਉਮਰ। ਮੈਨੂੰ ਲਗਦਾ ਦੁਰਗ਼ੀ ਨੂੰ ਵੀ ਉਹਨੇ ਕਿਤੇ ਬੰਨੇ ਲਾ ਦਿਤਾ। ਜਦੋਂ ਵੀ ਦੋ-ਚਾਰ ਵਾਰੀ ਘਰ ਆਇਐ ਬੜਾ ਹੋਰੂੰ ਹੋਰੂੰ ਜਿਹਾ ਝਾਕਦਾ ਸੀ ਉਹਦੇ ਵੱਲ। ਤੇ ਉਹ ਵੀ ਮਾਂ ਦਾ......ਉਹਨੂੰ ਵੇਖ ਕੇ ਗੁਟਕ ਪੈਂਦੀ ਸੀ ਕਬੂਤਰੀ ਵਾਂਗ।......ਚਲੋ, ਮਰਨ ਦਿਉ ਸਾਨੂੰ ਕੀ। ਆਪੇ ਕਿਤੇ ਆਪਣਾ ਕੀਤਾ ਪਾ ਰਹੀ ਹੁਣੀ ਆਂ, ਤੇ ਇਹ ਰੱਤੂ ਕੰਜਰ ਦਾ, ਅਜੇ ਸੌ ਰੁਪਿਆ ਭਾਲਦਾ ਮੈਥੋਂ। ਅਖੇ ਰਿਕਸ਼ਾ ਟੁੱਟ ਗਿਆ ਸੀ। ਉਹਦੀ ਮੁਰੰਮਤੀ ਦੇਹ। ਬੰਦਾ ਪੁੱਛੇ ਹੁਣ ਮੈਂ ਕਿਥੋਂ ਦੇ ਦਿਆਂ ਤੈਨੂੰ ? ਮੇਰਾ ਘਰ ਪੁੱਟ 'ਤਾ। ਤੀਵੀਂ ਕਿਤੇ ਖਪਾ ਦਿਤੀ। ਅਜੇ ਸਬਰ ਨਹੀਂ ਆਇਆ। ਦੇਨਾ ਤੈਨੂੰ ਮੈਂ ਕੁੱਕੜ ਦੇ ਖੰਭ ਅਰਗਾ ਨੋਟ। ਸਾਲਾ ਮੀਣਾ ਜਿਹਾ। ਧੀ ਦਾ ਯਾਰ ਡੈਣ ਹੋ ਕੇ ਟੱਕਰਿਆ ਇਹ ਵੀ।

......ਆਪਣੇ ਆਪ ਨਾਲ ਗੱਲਾਂ ਕਰਦਾ, ਮੂੰਹ ਵਿਚ ਹੀ ਚੰਗਾ-ਮੰਦਾ ਬੋਲਦਾ ਗਰੀਬ ਦਾਸ ਬਸਤੀ ਦੇ ਅੰਤਲੇ ਸਿਰੇ ਤੋਂ ਖੱਬੇ ਹੱਥ ਮੁੜ ਪਿਆ। ਫੇਰ ਤੁਰਿਆ ਗਿਆ। ਰਾਹ



ਵਿਚ ਕਈ ਬੰਦੇ ਮਿਲੇ। ਔਰਤਾਂ, ਮਰਦ ਤੇ ਨਿਆਣੇ। ਇਕ ਥਾਂ ਸੱਤ-ਅੱਠ ਔਰਤਾਂ ਉੱਚੀ-ਉੱਚੀ ਬੋਲ ਰਹੀਆਂ ਸਨ।

— ਅਪਨੇ ਛੋਕਰੇ ਕੋ ਬਾਂਧ ਕੇ ਰੱਖ ਨਹੀਂ ਤੋ ਮੈਂ ਉਸਕੀ ਟਾਂਗੇ ਤੁੜਵਾ ਦੂੰਗੀ—ਹਰਾਮਜ਼ਾਦੀ......ਸੁਨਾ ? —

— ਅਰੇ ਤੂੰ ਅਪਨੀ ਛੋਕਰੀ ਕੋ ਬਾਂਧ ਨਾ......ਮਹੱਲੇ ਭਰ ਕੇ ਲੜਕੋਂ ਸੇ ਆਂਖ ਮਿਚੋਲੀ ਖੇਲਤੀ ਫਿਰਤੀ ਹੈ ਛਿਨਾਲ ਕਹੀਂ ਕੀ। —

— ਠਹਿਰ ਤੋ ਕੁਤੀਆ, ਮੈਂ ਤੇਰਾ ਮੂੰਹ ਨੋਚ ਦੂੰਗੀ। —

— ਅਰੇ ਜਾਹ ਜਾਹ ਬੜੀ ਆਈ ਮੂੰਹ ਨੋਚਨੇ ਵਾਲੀ......ਅਪਨੇ ਆਦਮੀ ਸੇ ਕਹਿ ਕਰ ਤੁਝੇ ਕੁੱਤੋਂ ਸੇ ਨਹੀਂ ਪੜਵਾਇਆ ਤੋ ਕਹਿਨਾ। —

— ਅਰੇ ਤੂੰ ਜਾਤੀ ਹੈ......ਨਹੀਂ ਤੂੰ।

— ਅਰੇ ਅਪਨੀ ਚਟਕੀਲੀ ਛੋਕਰੀ ਕੋ......ਮੇਰੇ ਮੂੰਹ ਮੱਤ ਲਗ, ਕਹਿ ਦੇਤੀ ਹੂੰ। —

ਸਾਰੇ ਸ਼ਲੋਕ ਸੁਣਦਾ ਸੁਣਦਾ ਉਹ ਪਰਿਉਂ ਹੀ ਇਕ ਹੋਰ ਮੋੜ ਮੁੜ ਗਿਆ। ਨਾਲ ਦੀ ਨੁੱਕਰ ਵਿਚ ਕਿੰਨੇ ਹੀ ਨੰਗ-ਧੜੰਗ ਬੱਚੇ ਖੇਡ ਰਹੇ ਸਨ। ਇਕ ਮੁੰਡੇ ਨੇ ਕਿੰਨੀ ਸਾਰੀ ਮਿੱਟੀ ਚੁੱਕੀ ਤੇ ਦੂਜੇ ਦੇ ਸਿਰ ਵਿਚ ਪਾ ਦਿੱਤੀ। ਉਹ ਉਸ ਤੋਂ ਕਾਫੀ ਛੋਟਾ ਸੀ। ਉਹ ਵਾਹੋਦਾਹੀ ਭੁੱਬਾਂ ਮਾਰਨ ਲਗ ਪਿਆ। ਆਉਂਦੇ-ਜਾਂਦੇ ਲੋਕ ਉਹਨਾਂ ਨੂੰ ਵੇਖ ਕੇ ਅੱਗੇ ਲੰਘ ਜਾਂਦੇ। ਉਹ ਤੁਰਿਆ ਗਿਆ। ਅੱਗੇ ਇਕ ਚਾਹ ਦੀ ਹੱਟੀ ਅੱਗੇ ਤਿੰਨ-ਚਾਰ ਬੰਦੇ ਖੜੇ ਸਨ। ਇਕ ਦੇ ਹੱਥਾਂ ਵਿਚ ਅਖਬਾਰ ਦਾ ਕੋਈ ਟੁਕੜਾ ਸੀ। ਉਹਨੂੰ ਮਹਿਸੂਸ ਹੋਇਆ ਜਿਵੇਂ ਤਿੰਨ ਹਜ਼ਾਰ ਰੁਪਏ ਦੇ ਕਰਜ਼ੇ ਦਾ ਰੌਲਾ ਹਰ ਪਾਸੇ ਪਿਆ ਹੋਇਆ ਸੀ। ਪਿਛਲੀ ਗਲੀ ਵਿਚ ਲੜਨ ਵਾਲੀਆਂ ਔਰਤਾਂ ਵੀ ਸ਼ਾਇਦ ਦੁਖੀ ਤਾਂ ਪੈਸਿਆਂ ਤੋਂ ਹੀ ਹੋਣਗੀਆਂ ਪਰ ਭੜਾਸ ਹੋਰ ਤਰ੍ਹਾਂ ਕੱਢ ਰਹੀਆਂ ਸਨ।

ਅੱਗੋਂ ਇਕ ਕੁੱਤਾ ਆਇਆ ਤੇ ਉਹਦੇ ਦਰੜੇ ਹੋਏ ਗੋਡਿਆਂ ਨਾਲ ਖਹਿਕੇ ਲੰਘ ਗਿਆ। ਹਿੱਟ ਧੀ ਦਾ ਯਾਰ, ਇਹ ਵੀ ਆਪਣੇ ਆਪਨੂੰ ਸਰਕਾਰੀਆ ਸਮਝੀ ਜਾਂਦੈ। ਉਹਦਾ ਜੀ ਕੀਤਾ ਪਿੱਛੇ ਮੁੜਕੇ ਇਕ ਠੁੱਡ ਜ਼ੋਰ ਦਾ ਉਹਦੀ ਢੂਈ 'ਚ ਜੜ ਦੇਵੇ। ਸਾਲੇ ਕੁੱਤਿਆਂ ਤੋਂ ਵੀ ਗਏ ਗੁਆਚੇ ਹੋ ਗਏ ਅਸੀਂ ਤਾਂ।

ਚਾਹ ਦੀ ਹੱਟੀ ਤੇ ਖੜੇ ਸਾਰਿਆਂ ਬੰਦਿਆਂ ਦੀ ਹਾਲਤ ਉਹਦੇ ਆਪਣੇ ਵਰਗੀ ਸੀ। ਟਾਕੀਆਂ ਹੋਏ ਲੀੜੇ, ਵਾਲ ਖਾਧੇ ਹੋਏ, ਮੂੰਹਾਂ ਤੇ ਝੁਰੜੀਆਂ। ਸਾਰੇ ਕਰਜ਼ਾਈ ਲਗਦੇ ਆ—ਉਹਨੇ ਸੋਚਿਆ। ਉਹ ਅਗੋਂ ਸੱਜੇ ਹੱਥ ਮੁੜ ਗਿਆ। ਅੱਗੇ ਉਹਦੀ ਖੋਲੀ ਸੀ। ਉਹਦੇ ਵਰਗੀ ਹੀ।

ਕੱਲ੍ਹ ਜਦੋਂ ਛੇ ਕੁ ਵਜੇ ਰੁਲਦੂ ਕੰਮ ਤੋਂ ਵਾਪਸ ਆਇਆ ਤਾਂ ਉਹ ਢਿੱਲੀ ਜਿਹੀ ਮੰਜੀ 'ਚ ਧਸਿਆ ਪਿਆ ਸੀ। ਆਮ ਕਰਕੇ ਉਸ ਵੇਲੇ ਉਹ ਅੱਡੇ ਤੇ ਬੈਠਾ ਹੁੰਦਾ ਸੀ।

— ਕਿਉਂ ਕੀ ਹੋ ਗਿਆ ਬਾਪੂ ? — ਰੁਲਦੂ ਨੇ ਹੈਰਾਣ ਹੁੰਦਿਆਂ ਪੁੱਛਿਆ।

— ਕੁਸ਼ ਨਈਂ। — ਏਨਾ ਹੀ ਆਖਿਆ ਉਹਨੇ।

— ਅੱਡੇ ਤੋਂ ਕਦੋਂ ਆਇਐਂ ? —

— ਹੋ ਗਿਆ ਘੰਟਾ ਕੁ। —

— ਕਿਉਂ ਐਡੀ ਛੇਤੀ ? —

— ਬੱਸ ਓਂ ਹੀ। — ਉਹਦੀਆਂ ਅੱਖਾਂ ਖਪਰੈਲ ਦੀ ਛੱਤ ਵਿਚ ਮੋਰੀਆਂ ਕਰ ਰਹੀਆਂ ਸਨ। ਰੁਲਦੂ ਵੀ ਕੁਝ ਨਹੀਂ ਬੋਲਿਆ। ਉਹ ਚੁੱਲੇ ਲਾਗੇ ਗਿਆ ਤੇ ਬਾਂਸ ਨਾਲ ਲਟਕਦੇ ਛਿੱਕੂ ਨੂੰ ਫੋਲਣ ਲੱਗਾ। ਇਕ ਰੋਟੀ ਪਈ ਹੋਈ ਸੀ।

— ਗੱਲ ਸੁਣ ਤੇਰੇ ਮਾਲਕਾਂ ਸਿਰ ਵੀ ਕਰਜ਼ਾ ਹੈਗਾ ਕੋਈ ? — ਉਹਨੂੰ ਆਚਾਰ ਨਾਲ ਰੋਟੀ ਚਿੱਥਦੇ ਨੂੰ ਵੇਖਦਿਆ ਗਰੀਬੂ ਨੇ ਪੁੱਛਿਆ।

— ਪਤਾ ਨਈਂ......ਉਹ ਤਾਂ ਸਗੋਂ ਲੋਕਾਂ ਨੂੰ ਦਿੰਦੇ ਆ ਵਿਆਜੂ ਪੈਸਾ...... ਕਰਜ਼ਾ ਕੰਪਨੀ ਵੀ ਖੋਹਲੀ ਹੋਈ ਆ ਉਹਨਾਂ। — ਉਹਨੇ ਦੱਸਿਆ।

ਗਰੀਬੂ ਗਾਂਹ ਨਹੀਂ ਬੋਲਿਆ। ਸਿਰਫ ਸੋਚਣ ਲਗ ਪਿਆ। ਸਾਰੀ ਰਾਤ ਸੋਚਦਾ ਰਿਹਾ। ਨੀਂਦ ਹੀ ਨਾ ਆਈ। ਤੇ ਅੱਜ ਸਵੇਰੇ ਉਠਿਆ ਤਾਂ ਹਾਜਤ ਬੰਦ। ਪਖ਼ਾਨਾ ਹੀ ਤਾਂਹ ਚੜ੍ਹ ਗਿਆ ਕਿਤੇ।

ਹਾਜਤ ਵਾਲਾ ਟੰਟਾ ਮੁੱਕ ਜਾਂਦਾ ਤਾਂ ਅਰਾਮ ਨਾਲ ਜਾ ਕੇ ਬਹਿੰਦਾ ਅੱਡੇ ਤੇ। ਉਹਨੇ ਸੋਚਿਆ। ......ਨਹੀਂ, ਨਹੀਂ ਜਾਣਾ ਚਾਹੀਦਾ ਉਥੇ ਵੀ। ਐਵੇਂ ਕੋਈ ਹੋਰ ਜੁਗਾਲੀ ਕਰ ਦੇਵੇ ਇਲਮ ਦੀਨ। ਉਹਦਾ ਕੀ ਐ ? ਦੋ ਅੱਖਰ ਹੀ ਜੋੜਨੇ ਆਂ ਤੇ ਅਗਲੇ ਦੇ ਹੱਡ ਸੇਕੇ ਜਾਣੇ ਐਂ। ਕੀ ਲੈਣ ਜਾਣਾ ਉਥੇ ਵੀ ? ਬੈਠੇ ਆਂ ਏਥੇ ਹੀ। ਨਹੀਂ ਕੋਈ ਬੋਲਣ-ਚਾਲਣ ਆਲਾ ਤਾਂ ਨਾ ਸਹੀ। ਪੁੱਤ ਗਰੀਬੂ ਦੇ। ਅਖੇ ਉਏ ਗਰੀਬੂ। ਜਿੱਦਾਂ ਮਾਂਈਂ ਡਰਾਈਵਰ ਬਣਕੇ ਧੌਲਰਾਂ ਵਾਲੇ ਬਣ ਗਏ ਹੁੰਦੇ ਆ। ਕੰਜਰ ਦਿਉ ਮੈਂ ਕਿਤੇ ਕੱਲਾ ਗਰੀਬੂ ਤਾਂ ਨਹੀਂ, ਹੋਰ ਵੀ ਬਥੇਰੇ ਨੇ। ਥੋੜ੍ਹੇ ਮਾਪਿਆਂ ਕਿਤੇ ਨਾਂ ਰੱਖੇ ਹੋਣਗੇ ਏਦਾਂ ਦੇ ?

ਤੇ ਉਹਨੂੰ ਆਪਣੇ ਪਿੰਡ ਵਾਲਾ ਗਰੀਬੂ ਜੱਟ ਯਾਦ ਆਇਆ। ਵਿਚਾਰਾ ਢਾਈ ਨਗ ਖਾਦ ਤਾਂ ਲੈ ਕੇ ਬਹਿ ਗਿਆ ਪਰ ਜਦੋਂ ਅਗਲੇ ਵਸੂਲੀ ਕਰਨ ਆਏ ਤਾਂ ਲੁਕਦਾ ਫਿਰੇ। ਤੀਜੇ ਫੇਰੇ ਲੰਬੜ ਨੇ ਗਰੀਬੂ ਨੂੰ ਉਹਨਾਂ ਬੁੱਚੜਾਂ ਦੇ ਹਵਾਲੇ ਕਰ ਦਿੱਤਾ ਸੀ। ਘਰ ਵਾਲੀ ਤੇ ਨਿਆਣੇ ਧਾਹਾਂ ਮਾਰਦੇ ਫਿਰਨ ਬਈ ਕਿਉਂ ਕਰਜ਼ਾ ਚੁੱਕ ਕੇ ਖਾਦ ਲੈ ਲਈ। ਤੇ ਉਹ ਗਰੀਬੂ ਚਮਿਆਰ ਜਿਹਨੂੰ ਲੰਬੜ ਨੇ ਸ਼ਰਾਬ ਕੱਢਣ ਲਈ ਕਮਾਦੀ 'ਚ ਵਾੜਿਆ ਹੋਇਆ ਸੀ। ਜਦੋਂ ਛਾਪਾ ਪੈ ਗਿਆ ਤਾਂ ਥਾਣੇਦਾਰ ਦੀ ਤਲੀ ਖੁਰਕ ਕੇ ਉਹਨੂੰ ਅੰਦਰ ਕਰਵਾ ਦਿੱਤਾ। ਸਭ ਧੀ ਦੇ ਯਾਰ ਗਰੀਬੂਆਂ ਤੋਂ ਹੀ ਵਸੂਲ ਕਰਦੇ ਆ ਕਰਜ਼ਾ।

ਤੇ ਏਥੇ ਦਿੱਲੀ ਵਿਚ ਵੀ ਕਈ ਗਰੀਬੂ ਮਿਲੇ ਉਹਨੂੰ। ਰਿਕਸ਼ਾ ਚਲੌਣ ਵਾਲੇ ਦਿਨੀਂ। ਟੁੱਟਾ ਜਿਹਾ ਸਿਪਾਹੀ ਵੀ ਰਿਕਸ਼ੇ ਦੇ ਹੈਂਡਲ ਨੂੰ ਫੜ ਲੈਂਦਾ। ਚੱਲ ਬਈ ਮੋਰੀ



ਗੇਟ ਲੈ ਕੇ ਚੱਲ......ਚੱਲ ਉਏ ਪੰਚ-ਕੂਈਆਂ......ਚੱਲ ਉਏ ਚਾਂਦਨੀ ਚੌਂਕ। ਲੈ ਦੱਸ ? ਬੰਦਾ ਪੁੱਛੇ ਬਈ ਗਰੀਬੂ ਤੁਹਾਡਾ ਬੈਅ ਕਰਾਇਆ ਹੋਇਆ। ਫੇਰ ਮਾੜੇ-ਚੰਗੇ ਥਾਂ ਰਿਕਸ਼ਾ ਖਲਾਰ ਲਿਆ ਤਾਂ ਜੁਰਮਾਨਾ। ਸਿੱਧਾ ਜੇਬ੍ਹ 'ਚ। ਸਰਕਾਰੀ ਖਾਤੇ 'ਚ ਕਿੱਥੇ ਜਾਣਾ ਉਹ ? ਕਾਰ ਵਾਲਾ ਭਾਵੇਂ ਕਾਰ ਨੂੰ ਇਹਨਾਂ ਦੀ ਧੂਈ 'ਤੇ ਖਲਾਰ ਦੇਵੇ। ਉਹਨੂੰ ਕੋਈ ਕੁਸ਼ ਨਹੀਂ ਸੀ ਆਂਦਾ। ਮਰਨਾ ਸੀ ਕਹਿਕੇ ? ਪਰ ਰਿਕਸ਼ਾ ਨਹੀਂ ਖੜ ਸਕਦਾ। ਕਈ ਮੇਰੇ ਅਰਗੇ ਗਰੀਬੂ ਕੁੱਟੇ ਪੁਲਸ ਵਾਲਿਆਂ ਨੇ।

ਫੇਰ ਜਦੋਂ ਕਿਤੇ ਰਿਕਸ਼ਾ ਯੂਨੀਅਨ ਬਣੀ ਤਾਂ ਜਾ ਕੇ ਕਿਤੇ ਜਾਨ 'ਚ ਜਾਨ ਆਈ। ਪਰ ਕਾਹਦੀ ਜਾਨ ? ਉਦੋਂ ਤਾਂਈਂ ਤਾਂ ਸਾਹ ਵੀ ਨਿਕਲਣ ਵਾਲਾ ਹੋ ਗਿਆ ਸੀ ਜਾਨ ਕਾਹਦੀ ਬਚਣੀ ਸੀ। ......ਬੂਟਾ, ਘੀਚਰ, ਕਿਸ਼ਨਾ, ਨੰਦੂ, ਵੀਰੂ, ਅਸਲਮ—ਸਭ ਮੇਰੇ ਵਾਂਗ ਹੰਢ ਗਏ। ਤੇ ਹੁਣ ਇਹ ਸਰਕਾਰ ਲੱਗੀ ਆ ਦੇਸ਼ ਨੂੰ ਬਚਾਉਣ ਲਈ ਸਾਥੋਂ ਕਰਜ਼ੇ ਵਸੂਲਣ।

ਉਹਨੂੰ ਆਪਣਾ ਪਿਉ ਨਿਧਰਨ ਚੰਦ ਯਾਦ ਆਇਆ ਜਿਹਨੇ ਉਹਦੇ ਵਿਆਹ ਵੇਲੇ ਸ਼ਾਹ ਤੋਂ ਤਿੰਨ ਸੌ ਰੁਪਿਆ ਹੁਧਾਰਾ ਫੜਿਆ ਸੀ। ਵਿਆਹ ਤਾਂ ਕਰ ਦਿੱਤਾ ਪਰ ਉਸ ਤੋਂ ਪਿਛੋਂ ਸ਼ਾਹ ਦੀ ਚਾਕਰੀ ਕਰਦਾ ਹੀ ਮਰ ਗਿਆ। ਕਰਜ਼ਾ ਫੇਰ ਉਥੇ ਦਾ ਉਥੇ। ਤੇ ਜਦੋਂ ਪੂਰੀ ਵਾਹ ਲਾ ਕੇ ਗਰੀਬੂ ਤੋਂ ਵੀ ਨਾ ਲੱਥਾ ਤਾਂ ਡਰਦਾ ਦਿੱਲੀ ਆ ਵੜਿਆ। ਪੰਜਾਬ ਦੇ ਛੋਟੇ ਸ਼ਹਿਰਾਂ ਵਿਚ ਤਾਂ ਸ਼ਾਹ ਉਹਦਾ ਖੁਰਾ ਨੱਪ ਸਕਦਾ ਸੀ ਪਰ ਏਥੋਂ ਕਿੱਥੇ ਨੱਪ ਲਊ ? ਪਰ ਏਥੇ ਆਣਕੇ ਵੀ ਉਹੋ ਹਾਲਤ। ਕਈ ਕਈ ਦਿਨ ਭੁੱਖਾਂ ਕੱਟੀਆਂ। ਸਿਆਲ ਦੀਆਂ ਰਾਤਾਂ ਵੀ ਸਟੇਸ਼ਨਾਂ ਤੇ ਲੰਘਾਈਆਂ। ਕਾਹਰੇ ਜਿਹੇ ਖੇਸ ਵਿਚ। ਜਿਹੜਾ ਆਉਂਦਾ ਉਹੋ ਠੁੱਡਾ ਮਾਰ ਕੇ ਰਾਹੇ ਪੈਂਦਾ। ਪੁਲਸੀਏ ਵੱਖਰੀ ਝਾਕ ਰੱਖਦੇ। ਜਿਵੇਂ ਅਸੀਂ ਕੁੱਲੀਗੀਰੀ 'ਚੋਂ ਮਿਲਖਾਂ ਬਣਾ ਲਈਆਂ ਹੋਣ। ਜਦੋਂ ਕਿਸੇ ਬਾਊ ਜਾਂ ਸਰਦਾਰ ਦਾ ਸਮਾਨ ਗੱਡੀ 'ਚ ਰੱਖਣਾ ਜਾਂ ਬਾਹਰ ਲਿਆਉਣਾ ਤਾਂ ਮੰਗਣਾ ਰੁਪਈਆ ਤੇ ਅਗਲੇ ਨੇ ਚੁਆਨੀ ਦੇ ਕੇ ਰਾਹੇ ਪੈਣਾ। ਰੋਂਦੇ ਆ ਅਜ਼ਾਦੀ ਨੂੰ। ......ਨਹੀਂ ਗਰੀਬ ਦਾਸਾ ਤੇਰੀ ਹਾਲਤ ਨੂੰ ਮੋੜਾ ਨਹੀਂ ਪੈਣਾ ਭਾਵੇਂ ਕੋਈ ਆ ਜਾਏ। ਅਜ਼ਾਦੀ ਆਵੇ ਜਾਂ ਉਹਦੀ ਮਾਂ। ਤੂੰ ਤਾਂ ਏਦਾਂ ਹੀ ਮਰੇਂਗਾ ਅੱਡੀਆਂ ਰਗੜ ਰਗੜ ਕੇ। ਬਾਪੂ ਨਿਰਧਨ ਚੰਦ ਵਾਂਗ। ਤੇ ਗਾਂਹ ਰੁਲਦੂ ਦਾ ਵੀ ਏਹੋ ਹੀ ਹਸ਼ਰ ਹੋਣਾ। ਵੇਖ ਲਈਂ।

......ਜਿਹੜਾ ਕੁਸ਼ ਅਖਬਾਰ 'ਚ ਛਪ ਗਿਆ ਉਹ ਹੁਣ ਹੋਕੇ ਹੀ ਰਹੂ। ਆ ਜਾਣਗੇ ਸਰਕਾਰ ਦੇ ਸਾਹਣ ਕਿਸੇ ਦਿਨ। ਬੰਨ੍ਹ ਦੇਣਗੇ ਮੁਸ਼ਕਾਂ ਸਾਰੀ ਬਸਤੀ ਦੀਆਂ। ਕੱਢੋ ਬਈ ਤਿੰਨ ਤਿੰਨ ਹਜ਼ਾਰ। ਤੇ ਜਿਹੜਾ ਨਾ ਦਊ ਉਹਨੂੰ ਥਾਣੇ 'ਚ ਲਿਜਾਕੇ ਕਰ ਲੈਣਗੇ ਕੋਡਾ। ਮੈਥੋਂ ਤਾਂ ਅੰਦਰ ਗਿਆਂ ਇਕ ਡੰਡਾ ਨਹੀਂ ਸਹਾਰਿਆ ਜਾਣਾ। ਤੇ ਅਗਲਿਆਂ ਕੋਲ ਪਤਾ ਨਹੀਂ ਕਿਹੜੇ ਕਿਹੜੇ ਕਿਸਬ ਨੇ ਚਾਂਗਰਾਂ ਕਢਾਉਣ ਦੇ। ਤੇਰਾ ਬੇੜਾ ਗਰਕ ਜਾਏ ਇਲਮ ਦੀਨਾ। ਤੂੰ ਸਾਨੂੰ ਕਾਸੇ ਜੋਗਾ ਨਹੀਂ ਛੱਡਿਆ ਨਾ ਪਤਾ ਲਗਦਾ

ਤਾਂ ਚਾਰ ਦਿਨ ਭੈੜੇ-ਚੰਗੇ ਕੱਟ ਕੇ ਚੈਨ ਨਾਲ ਮਰ ਤਾਂ ਜਾਂਦੇ। ਪਰ ਹੁਣ ਤਾਂ ਨਾ ਮਰਿਆ ਜਾਣਾ ਤੇ ਨਾ ਜੀਆ ਜਾਣਾ।

ਉਹਦਾ ਜੀ ਕੀਤਾ ਅੱਡੇ ਤੇ ਜਾਕੇ ਇਲਮ ਦੀਨ ਨੂੰ ਗਲੋਂ ਫੜ ਲਵੇ ਤੇ ਮਾਰ ਮਾਰਕੇ ਉਹਦੀਆਂ ਦਾਹੜਾਂ ਤੋੜ ਦੇਵੇ। ਸਾਲਾ ਇਲਮ ਦਾ। ਅੱਗਾਂ ਲਾਉਂਦਾ ਫਿਰਦੈ। ਜੀਣ ਨਹੀਂ ਦੇਂਦਾ ਕਿਸੇ ਨੂੰ।

ਉਹਦਾ ਜੀ ਕੀਤਾ ਇਕ ਵਾਰੀ ਫੇਰ ਲੋਟਾ ਭਰ ਕੇ ਹਾਜਤ ਦੀ ਕੋਸ਼ਿਸ਼ ਕਰੇ। ਤੌਲੇ ਵਰਗਾ ਹੋਇਆ ਢਿੱਡ ਉਹਨੂੰ ਚੈਨ ਨਹੀਂ ਸੀ ਲੈਣ ਦੇ ਰਿਹਾ। ਪਰ ਕੀ ਭਰੋਸਾ ਹੈ ਕਿ ਬਾਤ ਬਣ ਜਾਏਗੀ। ਸਵੇਰ ਦੀਆਂ ਕਈ ਬੀੜੀਆਂ ਪੀ ਹਟਿਆ ਸੀ ਪਰ ਨਹੀਂ। ਸਗੋਂ ਸਾਹ ਔਖਾ ਆਉਣ ਲਗ ਪਿਆ ਸੀ। ਕੀ ਕਰੇ? ਕਿਵੇਂ ਵਜੂਦ ਹਲਕਾ ਕਰੇ? ਕਿਵੇਂ ਆਪਣੀ ਤਕਦੀਰ ਨੂੰ ਬਦਲੇ? ਅਜੇ ਉਹ ਇਨ੍ਹਾਂ ਸੋਚਾਂ ਦੇ ਮਾਰੂਥਲ 'ਚੋਂ ਗੁਜ਼ਰ ਹੀ ਰਿਹਾ ਸੀ ਕਿ ਬਾਹਰੋਂ ਆਵਾਜ਼ਾਂ ਜਿਹੀਆਂ ਕੰਨੀਂ ਪਈਆਂ। ਉਹ ਬਾਹਰ ਨਿਕਲ ਆਇਆ। ਬਸਤੀ ਦੇ ਜਵਾਨ ਮੁੰਡੇ ਇਕ ਜਲੂਸ ਦੀ ਸ਼ਕਲ ਵਿਚ ਤੁਰਦੇ ਆ ਰਹੇ ਸਨ। ਨਾਅਰੇ ਲੱਗ ਰਹੇ ਸਨ।

'ਕਿਸ ਨੇ ਰੱਖਾ......ਦੇਸ਼ ਕੋ ਗਿਰਵੀ'
'ਕਿਸ ਨੇ ਬੇਚਾ......ਦੇਸ਼ ਹਮਾਰਾ'

ਜਲੂਸ ਨੇੜੇ ਆ ਗਿਆ ਤਾਂ ਉਸ ਨੇ ਵੇਖਿਆ, ਇਲਮ ਦੀਨ ਦਾ ਵੱਡਾ ਮੁੰਡਾ 'ਅਹਿਸਾਸ', ਬਸਤੀ ਦੇ ਨੌਜਵਾਨਾਂ ਦਾ ਲੀਡਰ 'ਚੇਤਨ' ਸਭ ਤੋਂ ਅੱਗੇ ਸਨ। ਤੇ ਪਿੱਛੇ ਇਕ ਵਿਸ਼ਾਲ ਭੀੜ ਸੀ। ਨੌਜਵਾਨਾਂ ਵਿਚ ਅਥਾਹ ਜੋਸ਼ ਸੀ।

— ਕਾਕਾ ਕਿੱਧਰ ਨੂੰ ਚੱਲੇ ਜੇ?—ਉਹਨੇ ਇਕ ਮੁੰਡੇ ਨੂੰ ਪੁੱਛਿਆ।

— ਤੇਰਾ ਕਰਜ਼ਾ ਲਾਹੁਣ, ਚਾਚਾ। ਉਸ ਨੇ ਜੁਆਬ ਦਿਤਾ।

ਜਿਉਂ ਜਿਉਂ ਜਲੂਸ ਦਾ ਜੋਸ਼ ਵਧ ਰਿਹਾ ਸੀ ਤਿਉਂ ਤਿਉਂ ਗਰੀਬ ਦਾਸ ਦੇ ਮੂੰਹ ਤੇ ਹੋਸ਼ ਪਰਤ ਰਹੀ ਸੀ। ਜਲੂਸ ਲੰਘ ਗਿਆ। ਜਲੂਸ ਵੱਡਾ ਮੋੜ ਮੁੜ ਗਿਆ। ਜਲੂਸ ਦਾ ਆਖਰੀ ਨੌਜਵਾਨ ਵੀ ਉਹਦੀਆਂ ਅੱਖਾਂ ਤੋਂ ਓਝਲ ਹੋ ਗਿਆ। ਗਰੀਬ ਦਾਸ ਅਚਾਨਕ ਆਪਣੇ ਆਪ ਵੱਲ ਪਰਤਿਆ। ਢਿੱਡ ਵਿਚ ਗੁੜਗੁੜ ਜਿਹੀ ਹੋਈ। ਉਹਦੀਆਂ ਅੱਖਾਂ ਲਿਸ਼ਕ ਪਈਆਂ। ਉਹਨੇ ਦਵਾਦਵ ਲੋਟਾ ਫੜਿਆ, ਸਾਹਮਣੇ ਨਲਕੇ ਤੋਂ ਪਾਣੀ ਨਾਲ ਭਰਿਆ ਤੇ ਕਾਹਲੀ ਕਾਹਲੀ ਗਲੀ ਦੇ ਮੋੜ ਮੁੜਦਾ ਬਾਹਰ ਵਾਲੇ ਖੁੱਲ੍ਹੇ ਮੈਦਾਨ ਵੱਲ ਵਧ ਗਿਆ।

—ਦੇਸ਼ ਬੰਧੂ ਹਾਊਸਿੰਗ ਸੋਸਾਇਟੀ,
ਪਹਾੜ ਗੰਜ, ਦਿਲੀ—92





## ਨਿੰਦਾ/ਰਸਿਦ ਹੁਸੈਨ

ਮੈਂ ਆਪਣੇ ਦੇਸ਼ ਦੇ ਯੋਧਿਆਂ ਨੂੰ
ਘਾਹ ਦੀ ਇਕ ਤਿੜ ਨੂੰ ਨੁਕਸਾਨ ਪਹੁੰਚਾਣ ਦਾ
ਹੱਕ ਦੇਣ ਤੋਂ ਇਨਕਾਰੀ ਹਾਂ।

ਮੈਂ ਬੱਚੇ ਨੂੰ, —ਸਭ ਬੱਚਿਆਂ ਨੂੰ
ਬੰਬਾਂ ਨਾਲ ਖੇਡਣ ਦੇ ਹੱਕ ਤੋਂ ਇਨਕਾਰ ਕਰਦਾ ਹਾਂ
ਮੈਂ ਆਪਣੀ ਭੈਣ ਨੂੰ ਬੰਦੂਕ ਚਲਾਉਣ ਦਾ ਹੱਕ ਦੇਣ
ਤੋਂ ਇਨਕਾਰੀ ਹਾਂ।
ਜੋ ਵੀ ਤੁਸੀਂ ਕਹੋ, ਮੈਂ ਉਸ ਤੋਂ ਇਨਕਾਰ ਕਰ ਸਕਦਾ ਹਾਂ
ਪਰ, ਉੱਚੇ ਆਦਰਸ਼ਾਂ ਦਾ ਕੌਣ ਭਰੋਸਾ ਦਿਵਾ ਸਕਦਾ ਹੈ
ਜਦ ਕਿ, ਉਹਨਾਂ ਦੀਆਂ ਅੱਖਾਂ
ਦਿਨ-ਦੀਵੀਂ,
ਕਾਤਲਾਂ ਨੂੰ ਘੋੜਿਆਂ ਤੇ ਚੜ੍ਹੇ ਫਿਰਦੇ ਵੇਖਦੀਆਂ ਹਨ।

ਮੈਂ ਇਸ ਤੋਂ ਨਾਂਹ ਕਰਦਾ ਹਾਂ
ਕਿ ਦਸ ਸਾਲਾ ਬੱਚਾ ਕੋਈ ਸੂਰਮਾ ਬਣ ਜਾਂਦਾ ਹੈ
ਮੈਂ ਇਸ ਗੱਲ ਤੋਂ ਇਨਕਾਰ ਕਰਦਾ ਹਾਂ
ਕਿ ਰੁੱਖਾਂ ਦੇ ਤਣੇ ਵਿਸਫੋਟਕ ਪਦਾਰਥਾਂ ਨੂੰ ਆਪਣੇ ਅੰਦਰ ਸਮੋਅ
ਸਕਦੇ ਨੇ।

ਮੈਂ ਆਪਣੀ ਬਗੀਚੀ ਦੇ ਰੁੱਖਾਂ ਦੀਆਂ
ਟਾਹਣਾਂ ਨੂੰ ਫਾਹੇ ਲਾਉਣ ਲਈ ਵਰਤੇ ਜਾਣ ਤੋਂ ਇਨਕਾਰੀ ਹਾਂ
ਮੈਂ ਆਪਣੇ ਬਾਗ ਦੀਆਂ ਗੁਲਾਬ—
—ਕਿਆਰੀਆਂ ਦਾ ਗੋਲੀ ਮਾਰ ਦਸਤਿਆਂ ਵਲੋਂ ਵਰਤੇ ਜਾਣ ਤੋਂ ਨਾਬਰ ਹਾਂ
ਮੈਂ ਹਰ ਉਸ ਕੰਮ ਤੋਂ ਇਨਕਾਰੀ ਹਾਂ ਜੋ ਤੁਸੀਂ ਕਹੋ
ਐਪਰ, ਜਦੋਂ ਮੇਰਾ ਦੇਸ਼
ਮੇਰੀ ਜਵਾਨੀ ਤੇ ਮੇਰੇ ਮਿੱਤਰਾਂ ਸਣੇ, ਸੜ ਰਿਹਾ ਹੋਵੇ
ਤਾਂ ਫਿਰ ਮੇਰੀਆਂ ਕਵਿਤਾਵਾਂ
ਹਥਿਆਰ ਬਣਨ ਤੋਂ ਕਿਵੇਂ ਰਹਿ ਸਕਦੀਆਂ ਹਨ!

★

## ਗ਼ਜ਼ਲ/ਸੁਸ਼ੀਲ ਦੁਸਾਂਝ

ਹੰਝ, ਹਾਵੇ, ਸਿਸਕੀਆਂ ਸੰਗ ਭਰੇ ਹੋਏ ਪੱਤਰ ਮਿਲੇ।
ਫੁੱਲ ਦੀ ਸਾਂ ਭਾਲ ਕਰਦੇ, ਮਗਰ ਨੇ ਪੱਥਰ ਮਿਲੇ।
ਕਈ ਦਿਨ ਤੋਂ ਗੁੰਮ ਹੈ ਜੋ, ਨਜ਼ਰ ਨਹੀਂ ਆਈ ਕਿਤੇ,
ਖੌਰੇ ਹਿਜ਼ਰਤ ਕਰ ਗਈ ਹੈ, ਚਿੜੀਆਂ ਜੋ ਅਕਸਰ ਮਿਲੇ।
ਬੋਟ ਉਹਨਾਂ ਦੇ ਉਡਾਰੀ ਭਰਨਗੇ ਕੀਕਣ ਭਲਾ,
ਲੈਣ ਜੋ ਚੋਗਾ ਗਏ ਸੀ, ਖਿੰਡ ਗਏ ਪਰ, ਧਰ ਮਿਲੇ।
ਸੋਚਿਆ ਸੀ ਮਿਲਾਂਗੇ, ਜੀ ਭਰਕੇ ਗੱਲਾਂ ਕਰਾਂਗੇ,
ਜਦ ਗਏ ਤਾਂ ਸੱਜਣਾਂ ਦੇ ਬੰਦ ਹੋਏ ਦਰ ਮਿਲੇ।
ਆਖ ਦੇਣਾ ਉਹਨਾਂ ਨੂੰ, ਬੇਅਰਥ ਨਹੀਂ ਜਾਣਾ ਲਹੂ,
'ਰਵੀ' ਮਿਲੇ, 'ਪਾਸ਼' ਮਿਲ ਜਾਏ ਜਾਂ ਕਦੇ 'ਸਫਦਰ' ਮਿਲੇ।
ਦੋਸਤਾਂ ਨੂੰ ਮੁਸਕਣੀ ਸੰਗ, ਕਿਲਕਾਰੀਆ ਵੀ ਵੰਡਦੇ,
ਖ਼ੁਦ ਪਰ ਮਿਲਦਾ ਗਵਾਚਾ, 'ਸ਼ੀਲ' ਜਦ ਵੀ ਘਰ ਮਿਲੇ।

—ਪਿੰਡ+ਡਾਕ ਦੁਸਾਂਝ ਕਲਾਂ,
ਜ਼ਿਲਾ ਜਲੰਧਰ-144502

## ਗ਼ਜ਼ਲ/ਗੁਰਦੀਪ

ਚਾਨਣ 'ਚ ਲਿਖੀ ਹੋਈ ਤਹਿਰੀਰ ਹਨੇਰੇ ਦੀ,
ਕੁਝ ਇੰਜ ਹੀ ਦਿੱਸਦੀ ਏ ਤਸਵੀਰ ਸਵੇਰੇ ਦੀ।
ਰਾਹਾਂ ਤੇ ਦਿਸ਼ਾਵਾਂ ਦਾ ਉਹ ਜ਼ਿਕਰ ਨਹੀਂ ਕਰਦੇ,
ਹੈ ਫਿਕਰ ਮੁਸਾਫਰ ਨੂੰ ਬਸ ਰੈਣ ਬਸੇਰੇ ਦੀ।
ਮਹਿਕਾਂ ਦ ਤਕਾਜ਼ੇ ਤੇ ਮੈਂ ਸਾਹ ਲਿਆ ਭਰਵਾਂ,
ਸੀਨੇ 'ਚ ਸਿਮਟ ਆਈ ਹੈ ਪੀੜ ਚੁਫੇਰੇ ਦੀ।
ਜ਼ਰ ਹੁੰਦਾ ਹੈ ਕੀ ਕੀ ਕੁਝ, ਧਰ ਹੁੰਦਾ ਹੈ ਕੀ ਕੀ ਕੁਝ,
ਪਰ ਗੱਲ ਨਹੀਂ ਤੁਰਦੀ ਇਨਸਾਨ ਦੇ ਜੇਰੇ ਦੀ।
ਇਸ ਸ਼ਹਿਰ 'ਚ ਵੜਦੇ ਹੀ ਰਾਹ ਭੁੱਲ ਗਈ ਧੜਕਣ,
ਨਾ ਨਜ਼ਰ ਰਹੀ ਜਾਣੂ ਮਹਿਰਮ ਦੇ ਬਨੇਰੇ ਦੀ।
ਨਾਵਾਂ ਤੇ ਥਾਵਾਂ ਦਾ ਕਛ ਮਹਿਲ ਨਹੀਂ ਇਸ ਵਿਚ,
ਇਹ ਗ਼ਮ ਦੀ ਕਹਾਣੀ ਹੈ ਤੇਰੇ ਦੀ ਨਾ ਮੇਰੇ ਦੀ।
ਬੱਦਲ ਦੀ ਤੇ ਬਿਜਲੀ ਦੀ ਜੋ ਜ਼ੇਲ 'ਚ ਸੀ ਹੁਣ ਤੱਕ,
ਕੁਛ ਖ਼ਬਰ ਨਹੀਂ ਮਿਲਦੀ ਉਸ ਦਰਦ ਦੇ ਡੇਰੇ ਦੀ।

O



# ਯਥਾਰਥ-ਬੋਧ ਦੀ ਸਮੱਸਿਆ

ਹਰਭਜਨ ਸਿੰਘ ਹੁੰਦਲ

ਹਰ ਨਵੇਂ ਲੇਖਕ ਲਈ, ਕਲਮ ਚੁੱਕਣ ਤੋਂ ਪਹਿਲਾਂ ਸਮਾਜਕ ਯਥਾਰਥ ਦੀ ਸੋਝੀ ਅਥਵਾ ਸੂਝ ਪ੍ਰਾਪਤ ਕਰਨੀ ਆਵੱਸ਼ਕ ਹੈ। ਦੂਸਰੇ ਵੱਲ ਵੇਖ ਕੇ, ਜਾਂ ਸਾਹਿਤ ਵਿਚ ਪ੍ਰਚੱਲਤ ਕਿਸੇ ਮੁੱਖ ਪ੍ਰਵਿਰਤੀ ਤੋਂ ਪ੍ਰਭਾਵਿਤ ਹੋ ਕੇ, ਫੈਸ਼ਨ ਵੱਸ, ਕਿਸੇ ਸਮੱਸਿਆ ਬਾਰੇ ਲਿਖਣ ਸਮੇਂ, ਲੇਖਕ ਬਹੁਤ ਵਾਰ ਟਪਲਾ ਖਾ ਸਕਦਾ ਹੈ।

ਯਥਾਰਥ ਲੇਖਕ ਨੂੰ ਪਲੇਟ ਵਿਚ ਸਜਾ ਕੇ ਪੇਸ਼ ਨਹੀਂ ਹੁੰਦਾ। ਹਾਵਰਡ ਫਾਸਟ ਦੇ ਕਥਨ ਅਨੁਸਾਰ ਇਹ ਕੋਈ ਸੇਬ ਨਹੀਂ ਕਿ ਪੱਕਾ ਵੇਖ ਕੇ, ਤੋੜ ਕੇ ਮੂੰਹ ਵਿਚ ਪਾ ਲਿਆ ਜਾਵੇ। ਇਹ ਸਮਝਣਾ, ਢੂੰਡਣਾ ਤੇ ਗ੍ਰਹਿਣ ਕਰਨਾ ਪੈਂਦਾ ਹੈ। ਬਹੁ-ਪਰਤੇ ਯਥਾਰਥ ਨੂੰ ਸਮਝਣ ਦੀ ਸਮੱਸਿਆ ਸਾਹਿਤ ਸਿਰਜਨ ਦੀ ਮੁੱਖ ਸਮੱਸਿਆ ਹੈ।

ਮਿਸਾਲ ਵਜੋਂ ਰੋਡਵੇਜ਼ ਦੀ ਅਚਾਨਕ ਹੜਤਾਲ ਹੋ ਜਾਂਦੀ ਹੈ। ਟਰੈਫਿਕ ਜਾਮ ਕਰਨ ਲਈ ਵਰਕਰ ਮਜ਼ਬੂਰ ਹੋ ਜਾਂਦੇ ਹਨ। ਪੁਲਸ ਦਾ ਸਰਕਾਰੀ ਫਰਜ਼, ਗੋਲੀ ਚਲਾ ਕੇ, ਲਾਠੀਚਾਰਜ ਕਰਕੇ, ਟਰੈਫਿਕ ਨੂੰ ਹਰ ਹਾਲਤ ਵਿਚ ਚਾਲੂ ਕਰਨਾ ਹੈ। ਇਹ ਯਥਾਰਥ ਦਾ ਸਰਕਾਰੀ ਪੱਖ ਹੈ। ਸਵਾਰੀਆਂ ਤੰਗ ਹਨ, ਉਹਨਾਂ ਨੂ ਘਰ ਵੇਲੇ ਸਿਰ ਪਹੁੰਚਣ ਦੀ ਚਿੰਤਾ ਹੈ। ਉਹਨਾਂ ਸਾਰਿਆਂ ਦੀ ਸਮਾਜਕ ਸੂਝ ਦੀ ਪੱਧਰ ਇਕੋ ਜੇਹੀ ਨਹੀਂ ਹੁੰਦੀ। ਉਹਨਾਂ ਵਿਚੋਂ ਕਈ ਰੋਡਵੇਜ਼ ਵਰਕਰਾਂ ਨੂੰ ਕੋਸਦੇ ਹਨ। ਕਈ ਸਰਕਾਰ ਨੂੰ ਗਾਲ੍ਹਾਂ ਕੱਢਦੇ ਹਨ ਤੇ ਕਈ ਪੁਲੀਸ ਦੀ ਨਾਲਾਇਕੀ ਜਾਂ ਧੱਕੇਸ਼ਾਹੀ ਨੂੰ ਕੋਸਦੇ ਹਨ। ਇਹਨਾਂ ਵਿਚੋਂ ਕਈ ਪੁਲੀਸ ਦੇ ਭੜਕਾਏ ਹੋਏ ਵਰਕਰਾਂ ਦੇ ਗਲ ਵੀ ਪੈਂਦੇ ਹਨ। ਧਰ ਵਰਕਰਾਂ ਲਈ ਸੰਘਰਸ਼ ਹੀ ਸਭ ਕੁਝ ਹੈ। ਉਹ ਸੰਘਰਸ਼ ਦੇ ਰਾਹ ਪੈ ਕੇ ਹੀ ਆਪਣੇ ਪ੍ਰਾਪਤ ਹੱਕਾਂ ਦੀ ਰਾਖੀ ਕਰ ਸਕਦੇ ਹਨ। ਹੁਣ ਯਥਾਰਥ ਤਾਂ ਇਕੋ ਹੈ, ਟਰੈਫਿਕ ਜਾਮ ਦਾ, ਪਰ ਹਰ ਸ਼੍ਰੇਣੀ ਤੇ ਹਰ ਵਿਅਕਤੀ ਦਾ ਹਿੱਤ ਵੱਖਰਾ-ਵੱਖਰਾ ਹੈ ਤੇ ਹਰ ਹਿੱਤ ਸ਼੍ਰੇਣਕ ਹਿੱਤ ਹੋ ਨਿਬੜਦਾ ਹੈ। ਇਸ ਅਵਸਥਾ ਵਿਚ ਲੇਖਕ ਕਿਸ ਧਿਰ ਦਾ ਸਾਥ ਦੇਵੇ। ਜੇ ਉਸ ਦੀ ਸਮਾਜਕ ਸੂਝ ਪਰਪੱਕ ਹੋ ਚੁੱਕੀ ਹੈ. ਘਟਨਾਵਾਂ, ਵਰਤਾਰਿਆਂ, ਵਿਅਕਤੀਆਂ ਨੂੰ ਸਮਝਣ ਦੀ ਉਸ ਦੀ ਸੂਝ-ਘਸਵੱਟੀ ਜੇ ਜਾਨਦਾਰ ਤੇ ਸਪੱਸ਼ਟ ਹੈ, ਤਾਂ ਉਹ ਸੰਘਰਸ਼ ਕਰਦੇ ਹੜਤਾਲੀ ਕਾਮਿਆਂ ਦਾ ਸਾਥ ਦੇਵੇਗਾ। ਕੱਚੀ ਸੂਝ ਵਾਲਾ ਲੇਖਕ ਗਲਤ ਪੈਂਤੜਾ ਵੀ ਲੈ ਸਕਦਾ ਹੈ।

ਯਥਾਰਥ ਦੀਆਂ ਕਈ ਤੈਹਾਂ ਹੁੰਦੀਆਂ ਹਨ। ਕਈ ਵਾਰ ਕੋਈ ਵਰਤਾਰਾ, ਘਟਨਾ ਜਾਂ ਵਿਅਕਤੀ ਬਾਹਰੋਂ ਹੋਰ ਦਿੱਸਦਾ ਹੈ, ਪਰ ਅੰਦਰੋਂ ਅਸਲੀਅਤ ਹੋਰ ਨਿਕਲਦੀ ਹੈ। ਏਥੇ ਬਾਹਰੀ-ਦਿੱਖ (Appearance) ਤੇ ਅੰਦਰਲੇ ਤੱਤ (Essence) ਦੀ ਸਮੱਸਿਆ ਹੈ। ਲੇਖਕ ਨੇ ਦਿੱਸਦੇ ਤੱਤ ਤੋਂ ਅਣ-ਦਿੱਸਦੇ ਤੱਤ ਤੱਕ ਦੀ ਬਿਖੜੀ ਯਾਤਰਾ ਕਰਨੀ

ਹੈ। ਉਸ ਨੇ ਸਮੁੰਦਰ ਵਿਚ ਤਰਦੇ ਬਰਫ ਦੇ ਤੋਦੇ ਦੇ ਉਤਲੇ ਹਿੱਸੇ ਨੂੰ ਹੀ ਨਹੀਂ ਵੇਖਣਾ, ਸਗੋਂ ਹੇਠਾਂ ਪਾਣੀ ਵਿਚ ਡੁੱਬੇ, ਵਡੇਰੇ ਭਾਗ ਦੀ ਥਾਹ ਵੀ ਪਾਉਣੀ ਹੈ।

ਕਈ ਵਾਰ ਅਸੀਂ ਆਖਦੇ ਹਾਂ ਕਿ ਫਲਾਣਾ ਲੇਖਕ ਬੜਾ ਪ੍ਰਤਿਭਾਵਾਨ ਹੈ। ਉਹ ਗੱਲ ਨੂੰ ਝੱਟ ਸਮਝ ਲੈਂਦਾ ਹੈ। ਪਰ ਅਸਲ ਵਿਚ ਇੰਝ ਨਹੀਂ ਹੁੰਦਾ। ਹਰ ਲੇਖਕ ਦੀ ਸੂਝ ਦੀ ਇਕ ਪੱਧਰ ਹੈ। ਅਭਿਆਸ ਨਾਲ, ਅਧਿਐਨ ਨਾਲ, ਵਿਚਾਰ-ਵਟਾਂਦਰੇ ਨਾਲ ਗੱਲ ਨੂੰ, ਘਟਨਾ ਨੂੰ, ਸਮਝਣਾ ਪੈਂਦਾ ਹੈ। ਬਹੁਤ ਵਾਰ ਪ੍ਰਤਿਭਾ ਵੀ ਮਿਹਨਤ ਨਾਲ, ਜੀਵਨ-ਅਨੁਭਵ ਦੇ ਡੂੰਘੇਰੇ ਹੋਣ ਨਾਲ, ਉਮਰ ਨਾਲ ਵਿਕਸਿਤ ਹੁੰਦੀ ਹੈ ਤੇ ਕਈ ਵਾਰ ਕਹਿੰਦਾ-ਕਹਾਉਂਦਾ ਲੇਖਕ, ਨਵੀਂ ਵਾਪਰੀ ਘਟਨਾ ਨੂੰ ਸਮਝਣ ਵੇਲੇ ਟਪਲਾ ਖਾ ਜਾਂਦਾ ਹੈ। ਕਾਰਨ ਇਹ ਹੁੰਦਾ ਹੈ ਕਿ ਉਸ ਨੂੰ ਬਦਲਦਾ ਹੋਇਆ ਯਥਾਰਥ ਸਮਝ ਨਹੀਂ ਆਇਆ ਹੁੰਦਾ।

ਏਸੇ ਕਾਰਨ ਲੇਖਕ ਨੂੰ ਉਡੀਕ ਕਰਨੀ ਪੈਂਦੀ ਹੈ। ਬਹੁ-ਪਰਤੇ ਯਥਾਰਥ ਦੀਆਂ ਤੈਹਾਂ ਹੌਲੀ-ਹੌਲੀ ਖੁਲ੍ਹਦੀਆਂ ਹਨ। ਕਾਹਲੀ ਵਿਚ, ਲੋਭ ਵੱਸ, ਜਾਂ ਝਟਪਟ ਰਚੀ ਰਚਨਾ, ਬਹੁਤ ਵਾਰ ਪੇਤਲੀ ਰਹਿ ਜਾਂਦੀ ਹੈ ਜਾਂ ਤੱਤ ਵਜੋਂ ਗਲਤ ਅਰਥ ਦੇ ਦਿੰਦੀ ਹੈ।

ਸੰਸਾਰ ਸਾਹਿਤ ਦੇ ਇਤਿਹਾਸ ਨੂੰ ਛੱਡ ਕੇ ਜੇ ਭਾਰਤੀ ਸਾਹਿਤ ਜਾਂ ਪੰਜਾਬੀ ਸਾਹਿਤ ਵਿਚੋਂ ਹੀ ਮਿਸਾਲਾਂ ਲੱਭਣ ਲੱਗੀਏ ਤਾਂ ਗੱਲ ਵਧੇਰੇ ਸਾਫ ਹੋ ਸਕਦੀ ਹੈ। ਸਾਡੇ ਭਾਰਤੀ ਸਾਹਿਤ ਵਿਚ ਹਿੰਦ-ਚੀਨ ਝਗੜੇ ਦਾ ਯਥਾਰਥ ਅਚਾਨਕ ਹੀ ਲੇਖਕਾਂ ਦੇ ਧਿਆਨ ਦਾ ਕੇਂਦਰ ਬਣ ਗਿਆ। (ਹਾਲੀ ਨੇਵਿਲ ਮੈਕਸਵਿਲ ਦੀ (India's war of China) (ਭਾਰਤ ਦੀ ਚੀਨ-ਜੰਗ) ਪ੍ਰਕਾਸ਼ਿਤ ਨਹੀਂ ਸੀ ਹੋਈ ਜਿਸ ਨੇ ਇਸ ਗੁੰਝਲਦਾਰ ਯਥਾਰਥ ਦੀਆਂ ਕੁਝ ਸਾਲਾਂ ਬਾਅਦ ਅਨੇਕ ਨਵੀਆਂ ਪਰਤਾਂ ਖੋਲ੍ਹੀਆਂ।) ਅਲੀ ਸਰਦਾਰ ਜਾਫਰੀ, ਸਾਹਿਰ ਲੁਧਿਆਣਵੀ ਅਤੇ ਪ੍ਰੋ: ਮੋਹਣ ਸਿੰਘ ਵਰਗੇ ਸਥਾਪਿਤ ਪ੍ਰਗਤੀਵਾਦੀ ਲੇਖਕਾਂ ਨੇ ਚੀਨ ਦੇ ਇਨਕਲਾਬ ਬਾਰੇ ਆਪਣੀਆਂ ਪਹਿਲੀਆਂ ਸ਼ਰਧਾ ਭਰੀਆਂ ਕਵਿਤਾਵਾਂ ਨੂੰ ਪਾੜਨ ਤੇ ਸਾੜ ਦੇਣ ਦੀਆਂ ਗੱਲਾਂ ਕੀਤੀਆਂ।

ਮੌਲੀ ਮੁੜ ਕੇ ਧਰਤੀ ਚੀਨ ਦੀ

ਲਿਖਣ ਵਾਲਾ ਪ੍ਰੋ: ਮੋਹਣ ਸਿੰਘ ਲਿਖਣ ਲੱਗਾ ਕਿ—

ਇਕ ਹਮਸਾਏ ਨਹੁੰਦਰ ਮਾਰੀ।

ਇੰਝ ਹੋਰ ਵੀ ਕਈਆਂ ਲੇਖਕਾਂ ਨਾਲ ਵਾਪਰਿਆ ਤੇ ਭਵਿੱਖ ਵਿਚ ਵੀ ਵਾਪਰ ਸਕਦਾ ਹੈ। ਆਖਰ ਇਸ ਦਾ ਕਾਰਨ ਕੀ ਹੈ? ਬਦਲਦਾ ਯਥਾਰਥ ਕਿਉਂ ਝੱਟਪੱਟ ਲੇਖਕ ਦੀ ਪਕੜ ਵਿਚ ਨਹੀਂ ਆਉਂਦਾ?

ਸਮਾਜਕ ਯਥਾਰਥ ਅਥਵਾ ਪਦਾਰਥ ਗਤੀਮਾਨ ਹੈ, ਹਰ ਸਮੇਂ ਵਿਕਾਸ ਕਰਦਾ ਹੈ, ਬਦਲਦਾ ਹੈ ਤੇ ਕਈ ਵਾਰ ਅਚਾਨਕ ਨਵਾਂ ਰੂਪ ਧਾਰ ਲੈਂਦਾ ਹੈ। ਪਦਾਰਥਕ ਤਬਦੀਲੀਆਂ ਦੀ ਤੋਰ ਬੜੀ ਧੀਮੀ ਤੇ ਕਈ ਵਾਰ ਪ੍ਰਗਟ ਜਾਂ ਸਪੱਸ਼ਟ ਦਿੱਸਣ ਵਾਲੀ ਨਹੀਂ ਹੁੰਦੀ।



ਉਸ ਸਮੇਂ ਪਦਾਰਥਕ ਤਬਦੀਲੀ ਮਿਕਦਾਰੀ ਹੁੰਦੀ ਹੈ, ਪਰ ਅਚਾਨਕ ਕਈ ਹੋਰ ਤੱਤਾਂ ਦੇ ਦਬਾਅ ਜਾਂ ਦਖ਼ਲ ਨਾਲ ਪਦਾਰਥ ਦੀ ਇਹ ਮਿਕਦਾਰੀ ਤਬਦੀਲੀ ਸਿਫਤੀ ਤਬਦੀਲੀ ਵਿਚ ਬਦਲ ਜਾਂਦੀ ਹੈ। ਉਸ ਦਾ ਕਿਰਦਾਰ, ਸਰੂਪ ਪਹਿਲਾਂ ਨਾਲੋਂ ਬਿਲਕੁਲ ਵੱਖਰੇ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਵੇਂ ਕਈ ਵਾਰ ਚੁੱਲ੍ਹੇ ਮੋਹਰੇ ਬੈਠੇ ਬੱਚੇ ਨੂੰ ਪਤੀਲੇ ਵਿਚ ਪਈ ਉਬਲਦੀ ਚਾਹ ਦੇ ਸੜ ਕੇ, ਉੱਡ ਜਾਣ ਦਾ ਪਤਾ ਨਹੀਂ ਲੱਗਦਾ, ਜਾਂ ਜਿਵੇਂ ਨਿੱਕੇ ਬੱਚੇ ਨੂੰ, ਆਪਣੀ ਹੀ ਮਾਂ ਦੇ ਪੇਟ 'ਚੋਂ ਜੰਮੇ ਦੂਸਰੇ ਬੱਚੇ ਦੇ ਜਨਮ ਦਾ ਰਹੱਸ ਪਤਾ ਨਹੀਂ ਲੱਗਦਾ।

ਪਦਾਰਥਕ ਸਥਿਤੀ ਵਿਚ ਆਈ ਮਿਕਦਾਰੀ ਤਬਦੀਲੀ ਤੋਂ ਸਿਫਤੀ ਤਬਦੀਲੀ ਨੂੰ ਕ੍ਰਾਂਤੀ ਦਾ ਨਾਂ ਦਿੱਤਾ ਜਾਂਦਾ ਹੈ। ਇਸ ਪ੍ਰੀਵਰਤਨ ਨੂੰ ਸਮਝਣ ਵੇਲੇ ਸੁਪ੍ਰਸਿੱਧ ਲੇਖਕ ਵੀ ਟਪਲਾ ਖਾ ਜਾਂਦੇ ਹਨ। ਕਿਉਂਕਿ ਤਬਦੀਲੀ ਕਈ ਵਾਰ ਏਨੀ ਅਚਾਨਕ ਵਾਪਰਦੀ ਹੈ ਕਿ ਉਸ ਦਾ ਪੂਰਾ ਪੂਰਾ ਅਨੁਭਵ ਹੀ ਨਹੀਂ ਹੋ ਸਕਦਾ ਹੁੰਦਾ ਹੈ।

ਰੂਸ ਦੀ ਅਕਤੂਬਰ ਕਰਾਂਤੀ ਵੇਲੇ ਉਥੋਂ ਦੇ ਸੁਪ੍ਰਸਿੱਧ ਉਪਨਿਆਸਕਾਰ ਮੈਕਸਿਮ ਗੋਰਕੀ ਵੀ ਟਪਲਾ ਖਾ ਗਿਆ ਸੀ ਤੇ ਆਪਣੀ ਪੱਤ੍ਰਕਾ "ਨਵੋਇਆ ਜਜ਼ੀਨ" ਵਿਚ 1917 ਦੀਆਂ ਇਨਕਲਾਬੀ ਤਬਦੀਲੀਆਂ ਨੂੰ ਸਮਝਣ ਵਿਚ ਅਸਮਰਥ ਰਿਹਾ ਸੀ। ਏਥੋਂ ਤੀਕ ਕਿ ਇਕ ਵਰਕਰ ਨੇ ਲੈਨਿਨ ਨੂੰ ਪੁੱਛਿਆ,

"ਕੀ ਗੋਰਕੀ ਹੁਣ ਸਾਥੋਂ ਬਹੁਤ ਪਰੇ ਚਲਾ ਗਿਆ ਹੈ?" ਇਸ ਦੇ ਉੱਤਰ ਵਿਚ ਲੈਨਿਨ ਨੇ ਕਿਹਾ ਸੀ;

"ਨਹੀਂ, ਗੋਰਕੀ ਸਾਥੋਂ ਨਿਖੜ ਨਹੀਂ ਸਕਦਾ। ਇਹ ਉਸ ਦਾ ਸਥਾਈ ਪੜਾਅ ਨਹੀਂ, ਇਹ ਸਭ ਕੁਝ ਉਸ ਲਈ ਓਪਰਾ ਹੈ ਤੇ ਫਜ਼ੂਲ, ਤੇ ਉਹ ਨਿਸ਼ਚੇ ਹੀ ਮੁੜ ਸਾਡੇ ਨਾਲ ਆ ਰਲੇਗਾ।"

ਜਦੋਂ ਲੈਨਿਨ ਦੇ ਮਿੱਤਰ-ਭਾਵੀ ਵਿਚਾਰ-ਵਟਾਂਦਰੇ ਨਾਲ ਗੋਰਕੀ ਨੂੰ ਇਨਕਲਾਬੀ ਤਬਦੀਲੀਆਂ ਦੀ ਪੂਰੀ ਸਮਝ ਆ ਗਈ ਤਾਂ ਉਹ ਬਾਲਸ਼ਵਿਕ ਕਰਾਂਤੀ ਦਾ ਦ੍ਰਿੜ ਸਮਰਥਕ ਬਣ ਗਿਆ।

ਸਾਡੇ ਆਪਣੇ ਦੇਸ਼ ਵਿਚ ਸਮਾਜੀ-ਵਿਰੋਧਾਂ ਦੇ ਵਧਣ ਨਾਲ, ਹਾਕਮ ਜਮਾਤਾਂ ਦੀਆਂ ਨੀਤੀਆਂ ਕਾਰਨ, ਇਹਨਾਂ ਵਿਰੋਧਾਂ ਨੂੰ ਦਬਾਉਣ ਤੇ ਹੱਲ ਕਰਨ ਲਈ 1975 ਵਿਚ ਜਦੋਂ ਇੰਦਰਾ ਗਾਂਧੀ ਵਲੋਂ ਦੇਸ਼ ਵਿਚ ਐਮਰਜੈਂਸੀ ਲਾਈ ਗਈ ਤਾਂ ਬਹੁਤ ਸਾਰੇ ਲੇਖਕ ਆਪਣੇ ਲਹੂ ਨਾਲ ਦਸਖਤ ਕਰਕੇ, ਐਮਰਜੈਂਸੀ ਦੀ ਹਮਾਇਤ ਕਰਨ ਇੰਦਰਾ ਗਾਂਧੀ ਕੋਲ ਗਏ ਅਤੇ ਬਦਲਦੇ ਹੋਏ ਯਥਾਰਥ ਦਾ ਸਹੀ ਬੋਧ ਪ੍ਰਾਪਤ ਕਰਨ ਵਿਚ ਅਸਮਰਥ ਰਹੇ। ਇਹਨਾਂ ਲੇਖਕਾਂ ਵਾਂਗ ਪੰਜਾਬੀ ਵਿਚ ਸਾਡੇ ਸ੍ਰੇਸ਼ਟ ਗਲਪਕਾਰ ਸ੍ਰੀ ਕਰਤਾਰ ਸਿੰਘ ਦੁੱਗਲ ਨੇ ਐਮਰਜੈਂਸੀ ਦੇ ਹੱਕ ਵਿਚ ਕਹਾਣੀਆਂ ਲਿਖੀਆਂ ਤੇ ਪ੍ਰੋ: ਮੋਹਣ ਸਿੰਘ ਨੇ ਇੰਦਰਾਂ ਦੀਆਂ ਭੇਟਾਂ ਗਾਈਆਂ, ਪਰ ਜਦੋਂ ਐਮਰਜੈਂਸੀ ਹਟਣ ਤੇ ਹੋਈਆਂ ਜ਼ਿਆਦਤੀਆਂ

ਤੇ ਜ਼ੁਲਮ ਦੀਆਂ ਕਹਾਣੀਆਂ ਨੰਗੀਆਂ ਹੋਈਆਂ ਤਾਂ ਇਹਨਾਂ ਲੇਖਕਾਂ ਨੇ ਆਪਣੀ ਗਲਤ ਸਮਝ ਨੂੰ ਦਰੁਸਤ ਕਰਕੇ, ਸ਼ਹਿਰੀ ਆਜ਼ਾਦੀਆਂ ਦੇ ਹੋਏ ਦਮਨ ਦਾ ਵਿਰੋਧ ਕੀਤਾ।

ਵਾਪਰ ਰਹੀਆਂ ਘਟਨਾਵਾਂ ਬਾਰੇ, ਵਧ ਰਹੇ ਸਮਾਜਕ ਅੰਤਰ-ਵਿਰੋਧਾਂ ਬਾਰੇ ਆਪਣੀ ਪਕੜ ਨੂੰ ਮਜ਼ਬੂਤ ਕਰਨ ਲਈ, ਲੇਖਕ ਨੂੰ ਹਰ ਤਰ੍ਹਾਂ ਦਾ ਬਹੁ-ਪੱਖਾ ਅਧਿਐਨ ਕਰਨਾ ਪੈਂਦਾ ਹੈ। ਕਰਾਂਤੀਕਾਰੀ ਧਿਰਾਂ ਨਾਲ ਉਸ ਦੀ ਵਚਨ-ਬੱਧਤਾ ਦਾ ਅਰਥ ਇਹ ਨਹੀਂ ਕਿ ਉਹ ਹਰ ਪ੍ਰੈਸ-ਬਿਆਨ ਦੇ ਅਨੁਸਾਰ ਯਥਾਰਥ ਨੂੰ ਯੰਤਰਿਕ ਢੰਗ ਨਾਲ, ਤੁਰੰਤ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਪੇਸ਼ ਕਰਨ ਲੱਗ ਪਵੇ। ਸਗੋਂ ਉਸ ਨੇ ਰਾਜਸੀ ਆਰਥਿਕ ਤੇ ਸਮਾਜਕ ਵਿਰੋਧਾਂ ਨੂੰ ਗ੍ਰਹਿਣ ਕਰਨ, ਸਮਝਣ ਲਈ ਕਰਾਂਤੀਕਾਰੀ ਦਲ ਦੀ ਸਾਂਝੀ ਸਮਝ ਤੇ ਪਾਲਸੀ ਤੋਂ ਲੋੜੀਂਦੀ ਸੂਝ ਪ੍ਰਾਪਤ ਕਰਨੀ ਹੈ—ਪਾਰਟੀ ਦੇ ਮਤੇ, ਬਿਆਨ ਤੇ ਲਿਖਤਾਂ ਉਸ ਨੂੰ ਆਪਣੇ ਆਲੇ-ਦੁਆਲੇ ਨੂੰ ਸਮਝਣ ਵਿਚ ਸਹਾਇਕ ਹੋਣਗੀਆਂ, ਐਪਰ ਕੋਈ ਵੀ ਉਸ ਨੂੰ ਇਹ ਹੁਕਮ ਨਹੀਂ ਦੇ ਸਕਦੀ ਕਿ ਉਹ ਲੋੜ ਅਨੁਸਾਰ ਕਵਿਤਾ, ਕਹਾਣੀ ਜਾਂ ਗੀਤ ਲਿਖੇ ਤੇ ਕਿਸ ਤਰ੍ਹਾਂ ਤੇ ਕਿਸ ਭਾਂਤ ਦਾ ਲਿਖੇ। ਇਹ ਕਾਰਜ ਲੇਖਕ ਨੇ ਖੁਦ ਕਰਨਾ ਹੈ। ਉਸ ਨੂੰ ਪੂਰਨ ਆਜ਼ਾਦੀ ਹੈ ਕਿ ਉਹ ਆਪਣੇ ਅਨੁਭਵ ਨੂੰ ਕਿਸ ਸਾਹਿਤਕ ਰੂਪ ਵਿਚ ਢਾਲੇ।

ਫਿਰ ਜਦੋਂ ਰਚਨਾ ਰਚ ਕੇ ਆ ਜਾਵੇਗੀ ਤਾਂ ਹਰ ਪਾਠਕ ਨੂੰ ਤੇ ਸੰਸਥਾ ਨੂੰ ਹੱਕ ਹੋਵੇਗਾ ਕਿ ਉਹ ਵੇਖਣ ਕਿ ਇਸ ਲੇਖਕ ਨੇ ਆਪਣੇ ਯਥਾਰਥ-ਬੋਧ ਨੂੰ ਕਿਤਨੀ ਸਫਲਤਾ ਨਾਲ ਸਾਹਿਤਕ ਰੂਪ ਦਿੱਤਾ ਹੈ। ਛਪੀ ਰਚਨਾ ਉੱਤੇ ਹਰ ਵਿਅਕਤੀ ਹਰ ਜਥੇਬੰਦੀ, ਹਰ ਪਾਰਟੀ ਤੇ ਪਾਠਕ ਨੂੰ ਆਲੋਚਨਾ ਕਰਨ ਦਾ ਹੱਕ ਹੈ ਤੇ ਇਹ ਵੇਖਣ ਤੇ ਉਂਗਲ ਕਰਨ ਦਾ ਅਧਿਕਾਰ ਹੈ ਕਿ ਲੇਖਕ ਨੇ ਸਮੇਂ ਦੇ ਸੱਚ ਨੂੰ, ਵੇਲੇ ਦੇ ਸਮਾਜੀ-ਵਿਰੋਧਾਂ ਨੂੰ ਕਿਸ ਤਰ੍ਹਾਂ ਰਚਨਾਤਮਿਕ ਲਿਖਤ ਵਿਚ ਪੇਸ਼ ਕੀਤਾ ਹੈ।

ਤੇਜ਼ੀ ਨਾਲ ਬਦਲਦੀਆਂ ਸਮਾਜਕ ਪ੍ਰਸਥਿਤੀਆਂ ਨੂੰ, ਹੋ ਰਹੇ ਰਾਜਸੀ-ਸਮਾਜਕ ਪ੍ਰੀਵਰਤਨਾਂ ਨੂੰ ਸਮਝਣ ਵੇਲੇ, ਤੇ ਉਹਨਾਂ ਦੇ ਸਾਰੇ ਪੱਖਾਂ ਨੂੰ ਸਾਹਿਤਕ ਤੌਰ ਤੇ ਗ੍ਰਹਿਣ ਕਰਨ ਵਲੇ, ਮੈਨੂੰ ਅਕਸਰ ਹੀ ਕਾਫੀ ਦੇਰ ਲੱਗ ਜਾਂਦੀ ਹੈ ਤੇ ਮੈਂ ਕਈ ਕਈ ਮਹੀਨ ਕਵਿਤਾ ਨਹੀਂ ਲਿਖਦਾ। ਪਰ ਜਦੋਂ ਮੈਨੂੰ ਸਥਿਤੀ ਦਾ ਪੂਰਾ ਬੋਧ ਹੋ ਜਾਂਦਾ ਹੈ ਤਾਂ ਮੈਂ ਲਗਾਤਾਰ ਲਿਖਦਾ ਹਾਂ।

ਪੰਜਾਬ-ਸਥਿਤੀ ਦੇ ਸਾਰੇ ਪੱਖਾਂ ਨੂੰ ਸਮਝਣ ਵੇਲੇ ਤੇ ਉਪਰੇਸ਼ਨ ਬਲੀਊ ਸਟਾਰ ਤੋਂ ਪਿੱਛੋਂ ਬਦਲੀ ਹੋਈ ਪ੍ਰਸਥਿਤੀ ਨੂੰ ਗ੍ਰਹਿਣ ਕਰਨ ਵਿਚ ਮੈਨੂੰ ਖਾਸੀ ਦੇਰ ਲੱਗੀ ਸੀ।

ਇੰਝ ਹੀ ਆਪਣੇ ਸਾਹਿਤਕ ਜੀਵਨ ਦੇ ਮੁਢਲੇ ਸਾਲਾਂ ਅਰਥਾਤ 1965-66 ਵਿਚ ਜਦੋਂ ਪੰਜਾਬੀ ਸਾਹਿਤ ਵਿਚ, ਖਾਸ ਕਰਕੇ ਕਵਿਤਾ ਦੇ ਖੇਤਰ ਵਿਚ, ਪ੍ਰਯੋਗਵਾਦ, ਆਧੁਨਿਕਤਾ ਦਾ ਰਾਮ ਰੌਲਾ ਪਿਆ ਤਾਂ ਇਸ ਦੇ ਯਥਾਰਥਵਾਦ-ਵਿਰੋਧੀ ਪੈਂਤੜੇ ਨੂੰ ਸਮਝਣ ਵੇਲੇ, ਮੈਨੂੰ ਕਾਫੀ ਮੁਸ਼ਕਿਲ ਪੇਸ਼ ਆਈ ਸੀ। ਪ੍ਰਯੋਗ ਹੋਣੇ ਚਾਹੀਦੇ ਹਨ, ਇਸ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ। ਬਦਲੀ ਹੋਈ ਆਰਥਿਕ-ਰਾਜਨੀਤਕ ਸਥਿਤੀ ਦੇ ਪ੍ਰਭਾਵ ਅਧੀਨ



ਸਾਹਿਤਕ ਖੇਤਰ ਵਿਚ ਖੜੋਤ ਆਈ ਹੋਈ ਸੀ। ਇਸ ਸਥਿਤੀ ਤੋਂ ਪ੍ਰੇਰਤ ਹੋ ਕੇ ਪ੍ਰਯੋਗ-ਵਾਦੀਆਂ ਨੇ ਨਵੇਂ ਲੇਖਕਾਂ ਨੂੰ ਭੁਲੇਖਿਆਂ ਵਿਚ ਪਾਉਣ ਦੇ ਛੜਯੰਤਰ ਰਚੇ, ਪਰ ਪ੍ਰਗਤੀ-ਵਾਦੀ ਦੋਸਤਾਂ ਨਾਲ ਵਿਚਾਰ-ਵਟਾਂਦਰੇ ਤੇ ਅਧਿਐਨ ਕਾਰਨ ਮੈਨੂੰ ਛੇਤੀ ਹੀ ਪ੍ਰਯੋਗਵਾਦੀਆਂ ਦੇ ਅਸਲ ਮੰਤਵ ਦਾ ਪਤਾ ਲੱਗ ਗਿਆ।

ਇੰਝ ਹੀ ਨਕਸਲਵਾਦੀ ਲਹਿਰ ਦੇ ਮੁੱਢਲੇ ਦੌਰ ਤੇ ਚੜ੍ਹਤ ਸਮੇਂ ਹੋਰ ਕਈ ਨਵੇਂ ਲੇਖਕਾਂ ਵਾਂਗ, ਮੈਂ ਵੀ ਉਹਨਾਂ ਦੀ ਖਾੜਕੂ ਸੁਰ ਤੇ ਜੋਸ਼ੀਲੇ ਮੁਹਾਵਰੇ ਤੋਂ ਅਚੇਤ ਹੀ ਪ੍ਰਭਾ-ਵਿਤ ਹੋਇਆ ਸੀ ਤੇ ਉਹਨਾਂ ਨਾਲ ਮਿਲਦੇ ਜੁਲਦੇ ਮੁਹਾਵਰੇ ਵਿਚ ਕਵਿਤਾ ਲਿਖੀ, ਭਾਵੇਂ ਮੈਂ ਉਹਨਾਂ ਦੀ ਰਾਜਸੀ ਲਾਈਨ ਨੂੰ ਗਲਤ ਸਮਝਦਾ ਸੀ। ਇਸ ਨਵੇਂ ਯਥਾਰਥ ਦਾ ਅਸਲ ਨਿਖੇੜਾ ਕੁਝ ਸਾਲ ਪਿਛੋਂ 1978 ਵਿਚ ਟੀਚਰਾਂ ਦੇ ਐਜੀਟੇਸ਼ਨ ਸਮੇਂ ਹੋਇਆ। ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਲਈ ਚੱਲੀ ਐਜੀਟੇਸ਼ਨ ਵਿਚ ਮੈਂ ਵੀ ਗ੍ਰਿਫਤਾਰ ਹੋਇਆ ਤੇ ਚੰਡੀਗੜ੍ਹ ਦੀ ਜੇਲ੍ਹ ਵਿਚ ਕੈਦ ਰਿਹਾ। ਇਹਨਾਂ ਤਿੰਨਾਂ ਮਹੀਨਿਆਂ ਵਿਚ ਮੈਨੂੰ ਪੂਰਨ ਤੌਰ ਤੇ ਗਿਆਨ ਹੋ ਗਿਆ ਕਿ ਨਕਸਲਵਾਦੀ ਰਾਜਸੀ ਸੋਚ ਤੇ ਲਾਈਨ ਤੇ ਇਸ ਵਿਚੋਂ ਕੱਢੀ ਟਰੇਡ ਯੂਨੀਅਨ ਸਮਝ ਕਿੰਨੀ ਗਲਤ ਸੀ। ਮੈਂ ਇਸ ਨਵੇਂ ਬੋਧ ਦੀ ਪ੍ਰਾਪਤੀ ਪਿਛੋਂ ਉਹਨਾਂ ਦੀ ਰਾਜਸੀ ਤੇ ਟਰੇਡ ਯੂਨੀਅਨ ਲਾਈਨ ਦੇ ਖੋਖਲੇ ਪੱਖਾਂ, ਹਾਸੋਹੀਣੀਆਂ ਮਨੌਤਾਂ ਤੇ ਗਲਤ ਸਮਝਾਂ ਦੇ ਪਰਖਚੇ ਉਡਾਉਂਦੀਆਂ ਕਈ ਕਵਿਤਾਵਾਂ ਲਿਖੀਆਂ, ਜਿਹਨਾਂ ਨੂੰ ਟੀਚਰਾਂ ਦੇ ਬਹੁਤ ਵਿਸ਼ਾਲ ਹਿੱਸਿਆਂ ਨੇ ਪੜ੍ਹਿਆ, ਸੁਣਿਆ ਤੇ ਗਾਇਆ। ਇਹ ਕਵਿਤਾਵਾਂ ਪਿਛੋਂ "ਤੱਥ ਬੜੇ ਬੇਸ਼ਰਮ ਹੁੰਦੇ ਨੇ" ਕਿਤਾਬਚੇ ਵਿਚ ਛਪੀਆਂ।

ਗਲਤ ਸਮਾਜਕ ਤੇ ਰਾਜਸੀ ਸਮਝ ਕਾਰਨ ਕਈ ਵਾਰ ਹੋਈ ਘਟਨਾ ਦੇ ਬਹੁਤ ਨਜ਼ਦੀਕ ਰਹਿੰਦੇ ਹੋਏ ਵੀ ਲੇਖਕ ਨੂੰ ਗੱਲ ਸਹੀ ਭਾਂਤ ਸਮਝ ਨਹੀਂ ਆਉਂਦੀ, ਤੇ ਉਹ ਕੋਈ ਰਚਨਾ ਨਹੀਂ ਕਰ ਸਕਦਾ, ਪਰ ਸਹੀ ਪਹੁੰਚ ਤੇ ਦ੍ਰਿਸ਼ਟੀਕੋਣ ਦਾ ਮਾਲਕ ਲੇਖਕ ਦੂਰ ਦਰਾਡੇ ਬੈਠਾ ਵੀ, ਸਹੀ ਰੁਖ ਵਾਲੀ ਰਚਨਾ ਕਰ ਜਾਂਦਾ ਹੈ। ਜਲ੍ਹਿਆਂ ਵਾਲੇ ਬਾਗ ਦੇ ਦੁਖਾਂਤ ਨੇ ਭਾਈ ਵੀਰ ਸਿੰਘ ਦੀ ਸਾਧ-ਬ੍ਰਿਤੀ ਤੇ ਕੋਈ ਪ੍ਰਭਾਵ ਨਹੀਂ ਸੀ ਪਾਇਆ। ਪਰ ਕਲਕੱਤੇ ਵੱਸਦੇ ਟੈਗੋਰ ਦੀ ਰੂਹ ਨੂੰ ਤੜਫਾ ਦਿੱਤਾ ਸੀ ਤੇ ਉਸ ਨੇ 'ਸਰ' ਦਾ ਖਿਤਾਬ ਅੰਗਰੇਜ਼ੀ ਹਾਕਮਾਂ ਨੂੰ ਵਾਪਸ ਕਰ ਦਿੱਤਾ ਸੀ।

ਪ੍ਰਾਪਤ ਯਥਾਰਥ ਦੇ ਸਾਰੇ ਪੱਖਾਂ ਤੇ ਪਰਤਾਂ ਨੂੰ ਸਮਝਣ ਲਈ ਹੀ, ਨਵੇਂ ਲੇਖਕਾਂ ਨੂੰ ਆਮ ਤੌਰ ਤੇ ਸਥਾਪਤ ਲੇਖਕਾਂ ਵਲੋਂ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਸਮਾਜਕ ਯਥਾਰਥ ਦੀ ਡੂੰਘੀ ਸੂਝ ਪ੍ਰਾਪਤ ਕਰਨ, ਆਪਣੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਆਧਾਰ ਪ੍ਰਦਾਨ ਕਰਨ, ਸਮੇਂ ਦੇ ਸੱਚ ਨੂੰ, ਸਾਰੀਆਂ ਵਿਰੋਧਤਾਈਆਂ ਸਮੇਤ ਸਮਝਣ ਤਾਂ ਕਿ ਉਹਨਾਂ ਦੀ ਰਚਨਾ ਯਥਾਰਥ ਦੀ ਪੂਰੀ ਤਸਵੀਰ ਪੇਸ਼ ਕਰੇ। ਲੇਖਕ ਲਈ ਆਪਣੇ ਆਲੇ-ਦੁਆਲੇ ਦੀ ਠੀਕ ਸਮਝ ਲਈ ਉਹਨਾਂ ਨੂੰ ਮਾਰਕਸਵਾਦ-ਲੈਨਿਨਵਾਦ ਦਾ ਡੂੰਘੇਰਾ ਅਧਿਐਨ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਸੰਸਾਰ ਦ੍ਰਿਸ਼ਟੀਕੋਣ ਤੇ ਫਿਲਾਸਫੀ

ਲੇਖਕ ਨੂੰ ਆਪਣੇ ਆਲੇ-ਦੁਆਲੇ ਤੇ ਸਮਾਜਕ ਵਿਰੋਧਾਂ ਨੂੰ ਸਹੀ ਭਾਂਤ ਸਮਝਣ ਵਿਚ ਹੋਰਨਾਂ ਫਿਲਾਸਫੀਆਂ ਨਾਲੋਂ ਵਧੇਰੇ ਸਹਾਈ ਹੁੰਦੀ ਹੈ। ਲੇਖਕ ਨੂੰ ਸਾਰੇ ਧਰਮਾਂ, ਦਰਸ਼ਨ, ਮੱਤਾਂ-ਮੱਤਾਂਤਰਾਂ ਚਿੰਤਨ ਦੇ ਅਨੇਕ ਪੱਖਾਂ ਨੂੰ ਸਮਝਣ ਲਈ ਅਧਿਐਨ ਦੀ ਲਗਾਤਾਰ ਆਵਸ਼ਕਤਾ ਰਹਿੰਦੀ ਹੈ। ਗਿਆਨ ਦੇ ਕਿਸੇ ਵੀ ਖੇਤਰ ਤੋਂ ਉਸ ਨੂੰ ਮੂੰਹ ਨਹੀਂ ਫੇਰਨਾ ਚਾਹੀਦਾ, ਐਧਰ ਉਸ ਦੀ ਆਪਣੀ ਪਰਖ-ਕਸਵੱਟੀ ਪਰਪੱਕ ਹੋਵੇ ਤੇ ਮਸਲੇ, ਸਮੱਸਿਆਵਾਂ, ਘਟਨਾਵਾਂ, ਵਰਤਾਰਿਆਂ, ਲਹਿਰਾਂ ਤੇ ਅੰਦੋਲਨਾਂ ਦੇ ਸਹੀ ਸਾਰ-ਤੱਤ ਨੂੰ ਸਮਝ ਗ੍ਰਹਿਣ ਕਰਨ ਤੇ ਢੁਕਵੇਂ ਸਾਹਿਤਕ ਰੂਪਾਂ ਵਿਚ ਪ੍ਰਗਟ ਕਰਨ ਲਈ, ਉਸ ਦੀ ਆਪਣੀ ਦਾਰਸ਼ਨਿਕ ਆਧਾਰ-ਸ਼ਿਲਾ ਮਜਬੂਤ ਹੋਵੇ।

ਜੇ ਉਸ ਦੀ ਆਪਣੀ ਸੋਚ ਪ੍ਰਪੱਕ ਨਹੀਂ ਹੋਵੇਗੀ ਤਾਂ ਉਹ ਹਰ ਨਵੀਂ ਦਾਰਸ਼ਨਿਕ ਲਿਖਤ ਨੂੰ ਪੜ੍ਹ ਕੇ ਪ੍ਰਭਾਵਿਤ ਹੋ ਜਾਵੇਗਾ। ਕੁਝ ਏਸੇ ਤਰ੍ਹਾਂ ਹੀ ਪ੍ਰੋ: ਪੂਰਨ ਸਿੰਘ ਨਾਲ ਵਾਪਰਿਆ ਸੀ। ਉਹ ਪਹਿਲਾ ਸਿੱਖ ਸੀ, ਫਿਰ ਜਾਪਾਨ ਜਾ ਕੇ ਭਿਖਸ਼ੂ ਬਣ ਗਿਆ, ਫਿਰ ਸਵਾਮੀ ਤੀਰਥ ਰਾਮ ਦਾ ਚੇਲਾ ਤੇ ਅਖੀਰ ਭਾਈ ਵੀਰ ਸਿੰਘ ਦੀ ਪ੍ਰੇਰਨਾ ਨਾਲ ਸਿੰਘ ਸੱਜ ਗਿਆ ਕਿਉਂਕਿ ਉਹ ਹਰ ਨਵੀਂ ਵਿਚਾਰਧਾਰਾ, ਨਵੇਂ ਵਿਅਕਤੀ ਤੋਂ ਪ੍ਰਭਾਵਤ ਹੋ ਜਾਂਦਾ ਸੀ।

ਕਦੇ-ਕਦੇ ਸਰਕਾਰੀ ਮਾਣ-ਸਨਮਾਨਾਂ ਦਾ ਲੋਭ ਤੇ ਸਰਕਾਰੇ-ਦਰਬਾਰੇ ਮਿਲਦੀ ਸਵੀਕ੍ਰਿਤੀ ਵੀ ਲੇਖਕ ਨੂੰ ਯਥਾਰਥ ਦੀ ਪੇਸ਼ਕਾਰੀ ਤੋਂ ਰੋਕਦੀ ਹੈ। ਸਮੇਂ ਦੇ ਸੱਚ ਤੋਂ, ਹੋ ਰਹੀਆਂ ਵਧੀਕੀਆਂ ਤੇ ਸਰਕਾਰੀ ਤਸ਼ੱਦਦ ਵਲੋਂ ਲੇਖਕ ਜਾਣ ਬੁੱਝ ਕੇ ਅੱਖਾਂ ਮੀਟ ਲੈਂਦਾ ਹੈ ਜਾਂ ਚੁੱਪ ਵੱਟ ਲੈਂਦਾ ਹੈ ਕਿਉਂਕਿ ਜੇ ਉਹ ਸਰਕਾਰੀ ਦਮਨ ਦੇ ਵਿਰੁੱਧ ਖੁੱਲ੍ਹ ਕੇ ਬੋਲਦਾ ਜਾਂ ਲਿਖਦਾ ਹੈ ਤਾਂ ਉਸ ਨੂੰ ਡਰ ਹੁੰਦਾ ਹੈ ਕਿ ਵੇਲੇ ਦੇ ਹਾਕਮ ਨਰਾਜ਼ ਹੋ ਜਾਣਗੇ।

ਅੱਜ ਆਖਾਂ ਵਾਰਿਸ ਸ਼ਾਹ ਨੂੰ

ਲਿਖਣ ਵਾਲੀ ਅੰਮ੍ਰਿਤਾ ਅੱਜ ਡੂੰਘੀ ਚੁੱਪ ਵੱਟ ਬੈਠੀ ਹੋਈ ਹੈ ਤੇ ਉਸ ਨੂੰ ਦਿੱਲੀ ਦਾ ਕਤਲਾਮ ਤੇ ਪੰਜਾਬ ਵਿਚ ਵਾਪਰ ਰਹੇ ਭਿਅੰਕਰ ਹਾਦਸਿਆਂ ਦੇ ਪਿਛੇ, ਕੇਂਦਰ ਸਰਕਾਰ ਦਾ ਕੋਈ ਹੱਥ ਨਜ਼ਰ ਨਹੀਂ ਆਉਂਦਾ।

ਹਰ ਘਟਨਾ, ਹਰ ਹਾਦਸਾ, ਹਰ ਦੁਖਾਂਤ ਤੇ ਨਿੱਕੀ ਤੋਂ ਨਿੱਕੀ ਬੇਇਨਸਾਫੀ ਲੇਖਕ ਦੇ ਸੰਵੇਦਨਸ਼ੀਲ ਮਨ ਤੇ ਪ੍ਰਭਾਵ ਪਾਉਂਦੀ ਹੈ। ਨਿੱਤ ਪੇਸ਼ ਆਉਂਦੀਆਂ ਇਹਨਾਂ ਚੁਨੌਤੀਆਂ ਨੂੰ ਪ੍ਰਵਾਨ ਕਰਨਾ ਤੇ ਰਚਨਾਤਮਿਕ ਪੱਧਰ ਤੇ ਨਜਿੱਠਣ ਵਿਚ ਹੀ ਲੇਖਕ ਦੀ ਸਲਾਮਤੀ, ਮਹਾਨਤਾ ਤੇ ਵਡਿਆਈ ਦੇ ਭੇਤ ਲੁਕੇ ਹੋਏ ਹਨ।

ਇਨਸਾਫ ਤੇ ਬੇਇਨਸਾਫੀ ਵਿਚ, ਜੰਗ ਤੇ ਅਮਨ ਵਿਚੋਂ, ਲੇਖਕ ਨੂੰ ਚੋਣ ਕਰਨੀ ਪੈਂਦੀ ਹੈ, ਪਾਸਾ ਚੁਣਨਾ ਪੈਂਦਾ ਹੈ, ਝੂਠ ਤੇ ਸੱਚ ਦੋਹਾਂ 'ਚੋਂ ਕਿਸੇ ਇਕ ਪੱਖ ਵਿਚ ਖਲੋਣਾ ਪੈਂਦਾ ਹੈ।



ਤੇ ਹਰ ਸੁਹਿਰਦ ਲੇਖਕ ਸੱਚ, ਇਨਸਾਫ, ਅਮਨ, ਆਜ਼ਾਦੀ ਤੇ ਸਵਤੰਤਰਤਾ ਦੇ ਹੱਕ ਵਿਚ ਖਲੋਂਦਾ ਹੈ।

ਆਪਣੇ ਯੁੱਗ ਦੇ ਯਥਾਰਥ ਦਾ ਬੋਧ ਅਤੇ ਉਸ ਦੀ ਕਲਾਤਮਿਕ ਪੱਧਰ ਤੇ ਪੇਸ਼ਕਾਰੀ ਹਰ ਲੇਖਕ ਦੇ ਰਚਨਾਤਮਿਕ ਕਾਰਜ ਦੀ ਮੂਲ ਸਮੱਸਿਆ ਹੈ। ਪਰ ਇਹ ਕਾਰਜ ਆਪਣੇ ਆਪ ਵਿਚ ਚੰਗੇਰੀ ਸਾਹਿਤਕ ਸਿਰਜਣਾ ਦੀ ਜ਼ਾਮਨ ਨਹੀਂ ਹੈ। ਸਾਹਿਤ ਵਿਚ ਮੁੱਖ ਕਾਰਜ ਸਿਰਜਣਾ ਦਾ ਹੈ ਯਥਾਰਥ ਬੋਧ ਦੀ ਪ੍ਰਾਪਤੀ ਤੋਂ ਬਾਅਦ ਲੇਖਕ ਕਿਸ ਪੱਧਰ ਦੀ ਸਾਹਿਤਕ ਜਾਂ ਕਲਾਤਮਿਕ ਕਿਰਤ ਸਿਰਜਦਾ ਹੈ, ਅਸਲ ਗੱਲ ਇਹ ਹੈ, ਕਈ ਸਾਧਾਰਨ ਮਨੁੱਖ ਜਾਂ ਰਾਜਸੀ ਸੂਝ ਵਾਲੇ ਨੇਤਾ ਆਪਣੇ ਆਲੇ-ਦੁਆਲੇ ਦੀ ਬਹੁਤ ਡੂੰਘੀ ਸੂਝ ਦੇ ਮਾਲਕ ਹੁੰਦੇ ਹਨ, ਪਰ ਉਹ ਕੋਈ ਕਿਰਤ ਰਚ ਨਹੀਂ ਸਕਦੇ। ਪਰ ਲੇਖਕ ਆਪਣੀ ਪ੍ਰਤਿਭਾ ਦੇ ਸਹਾਰੇ ਆਪਣੀ ਰਚਨਾ ਵਿਚ ਇਕ ਨਵਾਂ ਸੰਸਾਰ ਸਿਰਜ ਦਿੰਦਾ ਹੈ। ਇਸ ਨਵੇਂ ਸੰਸਾਰ ਨੂੰ ਸਿਰਜਣ ਵਿਚ ਬਹੁਤ ਸਾਰੇ ਤੱਤ ਲੇਖਕ ਦੇ ਕੰਮ ਵਿਚ ਸਹਾਈ ਹੁੰਦੇ ਹਨ, ਪਰ ਮੁੱਢਲਾ ਤੇ ਜ਼ਰੂਰੀ ਤੱਤ ਯਥਾਰਥ ਦੀ ਪਕੜ ਤੇ ਸੂਝ ਹੈ। ਬਾਕੀ ਗੱਲਾਂ ਬਾਅਦ ਵਿਚ ਆਉਂਦੀਆਂ ਹਨ। ਇਕ ਸਾਧਾਰਨ ਲੇਖਕ ਅਤੇ ਪ੍ਰਤਿਭਾਸ਼ਾਲੀ ਲੇਖਕ ਵਿਚ ਮੁੱਢਲਾ ਫਰਕ ਇਹ ਹੈ ਕਿ ਪ੍ਰਤਿਭਾ ਵਾਲਾ ਲੇਖਕ ਯਥਾਰਥ ਦੀ ਪਹਿਚਾਣ ਛੇਤੀ ਕਰ ਲੈਂਦਾ ਹੈ ਤੇ ਪਹਿਚਾਣ ਤੋਂ ਬਾਅਦ ਆਪਣੀ ਕਲਪਨਾ-ਸ਼ਕਤੀ ਦੁਆਰਾ ਅਦਭੁੱਤ ਕਲਾ-ਕਿਰਤਾਂ ਨੂੰ ਜਨਮ ਦਿੰਦਾ ਹੈ ਤੇ ਸਾਧਾਰਨ ਲੇਖਕ ਇਹ ਕੁਝ ਨਹੀਂ ਕਰ ਸਕਦਾ।

ਅੰਤਿਮ ਨਿਬੇੜਾ ਤੇ ਨਿਖੇੜਾ ਤਾਂ ਰਚੀ ਗਈ ਸਾਹਿਤਕ ਅਥਵਾ ਕਲਾਤਮਿਕ ਕਲਾ-ਕਿਰਤ ਦੀ ਉਚੇਰੀ ਪੱਧਰ ਨੇ ਹੀ ਕਰਨਾ ਹੈ।

O

---

ਵਾਘਿਓਂ ਪਾਰ

**ਗ਼ਜ਼ਲ**/ਸਲੀਮ ਜਹਾਂਗੀਰ

ਅਜੇ ਨਾ ਮਾਰੀਂ ਫੂਕ ਦੀਵੇ ਨੂੰ, ਅਜੇ ਨਾ ਬੂਹੇ ਢੋਅ
ਉਡੀਕ ਦੀਆਂ ਪੀੜਾਂ ਦੀ ਰੁੱਤੇ, ਰੁੱਖਾਂ ਵਾਂਗ ਖਲੋਅ
ਥਾਂ ਥਾਂ ਕਾਲਾ ਫਨੀਅਰ ਭਾਵੇਂ ਰਾਤਾਂ ਪਾਉਂਦਾ ਫਿਰਦਾ ਏ
ਫਜਰਾਂ ਤੀਕ ਤੇ ਜਾਣ ਨਹੀਂ ਲੱਗੀ, ਤਾਰਿਆਂ ਵਿਚਲੀ ਲੋਅ
ਮੈਂ ਹਾਂ ਜਿਸਦੀ ਕੰਡ ਤੇ ਉਸਰੇ, ਸਾਰੇ ਤਾਜ-ਮਹੱਲ
ਮੇਰਾ ਮੁੜ੍ਹਕਾ ਪੀ ਕੇ ਮਿੱਟੀ, ਜੰਮਦੀ ਰਹੀ ਖ਼ੁਸ਼ਬੋ
ਹਿਸਾਬ ਕਿਤਾਬ ਦੇ ਵਰਕਿਆਂ ਉੱਤੇ, ਓੜਕ ਲਿਖਣਾ ਪੈਣਾ ਏ
ਬੰਦੇ ਦੇ ਸਾਹਵਾਂ ਤੋਂ ਵਧ ਗਏ, ਬੰਦੇ ਨਾਲ ਧਰੋਹ

## ਫੁਰਮਾਨ/ਗੁਰਮੀਤ ਕਲੱਰ ਮਾਜਰੀ

ਬਾਜ਼ਾਰਾਂ 'ਚ ਗਲੀਆਂ 'ਚ
ਚੌਕਾਂ, ਚੌਰਸਤਿਆਂ 'ਚ, ਗਰਜ ਰਿਹਾ ਸੀ
ਸ਼ਾਹੀ ਫੁਰਮਾਨ।
ਅੱਜ ਤੋਂ ਫੁੱਲਾਂ ਦੀ ਖ਼ੁਸ਼ਬੂ ਕੈਦ ਨਹੀਂ ਹੋਵੇਗੀ
ਤੇ ਨਾ ਹੀ ਹੋਵੇਗਾ ਅੱਜ ਤੋਂ
ਮੌਤ ਦਾ ਕੋਈ ਜਸ਼ਨ
ਤੇ ਨਾ ਹੀ ਖੋਹੀ ਜਾਏਗੀ, ਕਿਸੇ ਬੱਚੇ ਕੋਲੋਂ ਦੁੱਧ ਦੀ ਉਮਰ।
ਪਰ ਅਜੀਬ ਦਾਸਤਾਂ ਸੀ ਸ਼ਹਿਰ ਦੀ
ਜਿੱਥੇ ਨਫ਼ਰਤ ਦੇ ਬੱਦਲ ਗਰਜਦੇ, ਖ਼ੂਨ ਦੀ ਬਾਰਸ਼
ਕਰਦੇ ਸਨ,
ਮੰਦਿਰਾਂ ਗਿਰਜਾਘਰਾਂ 'ਚ ਪ੍ਰਾਰਥਨਾਵਾਂ ਸਨ,
ਪਰ ਲਫ਼ਜ਼ਾਂ 'ਚੋਂ ਖ਼ੂਨ ਸਿੰਮਦਾ ਸੀ।
ਲੋਕ ਪਹਿਨ ਕੇ ਧਰਮ ਦੀ ਪੁਸ਼ਾਕ
ਛਾਤੀਆਂ 'ਚ ਤ੍ਰਿਸ਼ੂਲਾਂ ਦਾ ਨਾਚ ਕਰਦੇ ਸਨ।
ਪ੍ਰੇਤੀ-ਮੌਸਮ ਨੇ ਪਲੀਤ ਕਰ ਦਿੱਤੇ ਸਨ
ਅਨਾਜ ਦੇ ਦਾਣੇ
ਜ਼ਖ਼ਮੀ ਕਰ ਦਿੱਤੀ ਸੀ, ਪੰਛੀਆਂ ਦੀ ਚੋਗ
ਤੜਪ-ਤੜਪ ਕੇ ਸੁਕ ਗਏ ਸਨ, ਪੂਜਾ ਦੇ ਫੁੱਲ।
ਦੀਵਾਰਾਂ ਨਾਲ ਟਕਰਾ ਕੇ, ਬੇਹੋਸ਼ ਹੋ ਗਿਆ ਸੀ
ਟਲੀਆਂ ਦਾ ਸੰਗੀਤ।
ਮੰਦਿਰ ਉਦਾਸ ਸੀ, ਮੂਰਤੀ ਉਦਾਸ ਸੀ।
ਪਰ ਫਿਰ ਵੀ
ਰਾਤਾਂ ਦੇ ਹਨੇਰ 'ਚੋਂ ਉਠ ਰਿਹਾ ਸੀ ਫੁਰਮਾਨ
ਕਿ ਮਨੁੱਖ ਕਤਲ ਨਹੀਂ ਹੋਏਗਾ
ਤੇ ਨਾਂ ਹੀ ਹੋਏਗਾ ਕੋਈ ਮੌਤ ਦਾ ਜਸ਼ਨ

—O—



## ਸ਼ਬਦਕੋਸ਼ ਤੋਂ ਬਾਹਰਲੇ ਅਰਥ !

ਅਮਰ ਦੀਪ ਗਿੱਲ

ਰਾਂਝੇ ਦਾ ਕੀ ਐ !
ਉਹ ਤਾਂ ਜੋਗੀ ਹੋ ਕੇ
ਜਾ ਚੜ੍ਹੇਗਾ ਇਸ਼ਕ-ਪਰਬਤ ਦੇ ਸਿਖਰੀਂ
'ਤੇ ਜੋਗੀਆਂ ਦਾ ਵੀ ਕੀ ਐ !

ਜਦ ਜੀਅ ਚਾਹਿਆ ਉਹ ਤਾਂ
ਉੱਤਰ ਆਉਣਗੇ ਪਹਾੜੋਂ
ਕਿਸੇ ਚਰਖ਼ੇ ਦੀ ਘੂਕ ਦੇ ਬਹਾਨੇ !!
ਪਰ ਸਾਡਾ ਕੀ ਹੋਵੇਗਾ ਯਾਰੋ ?
ਸਾਡੇ ਸੀਨੇ ਤਾਂ ਕਦੇ ਵੀ ਨਾ ਵੱਜੀ
ਭਾਬੀਆਂ ਦੇ ਤਾਅਨੇ ਦੀ ਬਰਛੀ,
ਕਿ ਅਸੀਂ ਕੱਛੇ ਵੰਝਲੀ
'ਤੇ ਮੋਢੇ ਭੂਰੀ ਲੈ ਨਿਕਲ ਤੁਰਦੇ
ਬਾਗ਼ੀ ਹੋਣ ਦੀ ਛੱਤਰੀ ਹੇਠ
ਆਪਣੇ ਆਪ ਨੂੰ ਫਰਜ਼ਾਂ ਤੋਂ ਬਚਾਉਂਦੇ !
ਸਾਡੀ ਤਾਂ ਹਮੇਸ਼ਾਂ ਹੀ ਘਰ 'ਚ
ਸਾਹੇ-ਲੱਤ ਬੰਨੀ ਰੱਖੀ
ਬਾਪੂ ਦੇ ਕਰਜ਼ਾਂ ਦੇ ਨਿਓਲ ਨੇ !!
ਸਾਡਾ ਕਿੱਸਾ ਕੌਣ ਲਿਖੇਗਾ ?
ਜਿੰਨਾਂ ਦੇ ਹੁੰਗਾਰੇ—
ਨਾ ਹੂਕ ਬਣ ਸਕੇ ਨਾ ਹੌਂਕੇ,
ਜਿੰਨ੍ਹਾਂ ਦੇ ਇਕ ਮੋਢੇ 'ਤੇ
ਟਿਕੀ ਰਹੀ ਘਰ ਦੀ ਸਰਦਲ
'ਤੇ ਦੂਜੇ 'ਤੇ ਬਾਲਨਾਥ ਦਾ ਟਿੱਲਾ
ਅਸੀਂ ਕਿਸ ਦੇ ਹਿੱਸੇ ਆਵਾਂਗੇ ?
ਅਸੀਂ—ਕਿ ਜਿੰਨ੍ਹਾਂ ਦੇ ਹਿੱਸੇ—
ਹੀਰ ਨਾਲ ਮੁਲਾਕਾਤਾਂ ਨਹੀਂ

ਸਗੋਂ ਮਹਿਜ਼ ਉਸ ਦੀ ਉਡੀਕ—
'ਤੇ ਭਾਲ ਹੀ ਆਈ !

ਸਾਨੂੰ—ਕਿ ਜਿੰਨਾਂ ਨੂੰ—
ਹੀਰ ਮਿਲਣ ਤੋਂ ਪਹਿਲਾਂ ਹੀ
ਪੈਰ-ਪੈਰ 'ਤੇ ਮਿਲਦੇ ਰਹੇ ਕੈਦੋਂ
'ਤੇ ਉਹ ਵੀ ਤਖ਼ਤ-ਹਜ਼ਾਰੇ ਰਹਿੰਦਿਆਂ ਹੀ,
ਸਾਡੀ ਕਹਾਣੀ ਕੌਣ ਲਿਖੇਗਾ ?
ਜਿੰਨ੍ਹਾਂ ਦੇ ਬੁੱਲ੍ਹਾ 'ਤੇ ਤਮਾਮ ਉਮਰ
ਵੰਝਲੀ ਦੀ ਥਾਂ ਗਾਹਲਾਂ ਹੀ ਰਹੀਆਂ
'ਤੇ ਜਾਂ ਉਦਾਸ ਸਿੱਕਰੀ !

ਅਸੀਂ ਕਿ ਜੋ ਚਾਹ ਕੇ ਵੀ
ਹਿੱਕ ਦੇ ਜ਼ੋਰ 'ਤੇ
ਕੱਢ ਕੇ ਨਾ ਲੈ ਜਾ ਸਕੇ
ਆਪਣੀਆਂ ਰੀਝਾਂ ਦੀ ਸਾਹਿਬਾਂ,
ਕਿਉਂਕਿ ਕਿੱਸੇ ਦੇ ਅੰਤ ਲਈ
ਜ਼ਰੂਰੀ ਸੀ ਜੰਡ ਹੇਠ ਮਰਨਾ ਸਾਡਾ !

'ਤੇ ਬੱਸ ਇੱਥੇ ਹੀ ਬਦਲ ਗਏ ਸੰਕਲਪ,
ਨਾ ਤਾਂ ਇਹ ਮੌਤ ਹੀ ਪਸੰਦ ਸੀ ਸਾਨੂੰ,
ਨਾ ਹੀ ਕੋਈ ਜੰਡ ਸੀ ਸਾਡੇ ਰਾਹ ਵਿਚ,
'ਤੇ ਨਾ ਹੀ ਵਕਤ ਸੀ ਸਾਡੇ ਕੋਲ
ਜੰਡ ਹੇਠ ਸਉਣ ਦਾ !

ਅਸੀਂ ਨੀਂਦ 'ਚ ਵੀ ਜਾਗਣ ਵਾਲੇ ਲੋਕ
ਆਮ ਆਦਮੀਆਂ ਤੋਂ ਡਰਦੇ-ਡਰਾਉਂਦੇ
ਭੁੱਲ ਗਏ ਖ਼ੁਦਾ ਨੂੰ ਡਰਾਉਣ ਦੀ ਤਾਕਤ !!

ਸਾਨੂੰ ਤਾਂ ਜਦ ਰਿਹਾ ਹੀ ਨਾ
ਆਪਣੇ ਨੰਗੇ ਪੈਰਾਂ 'ਤੇ ਵਿਸ਼ਵਾਸ਼
ਫਿਰ ਆਪਣੀ ਬੱਕੀ 'ਤੇ—
ਕਿਹੜੇ ਮੂੰਹ ਨਾਲ ਲਾਉਂਦੇ ਸ਼ਰਤਾਂ !
ਭਲਾ ਸਾਡੇ ਗੀਤ ਕੌਣ ਗਾਵੇਗਾ ਦੋਸਤੋ ?

—O—





## ਮਲਬੇ ਦਾ ਮਾਲਕ

ਮੋਹਨ ਰਾਕੇਸ਼

ਸਾਢੇ ਸੱਤ ਸਾਲ ਬਾਦ ਉਹ ਲਾਹੌਰ ਤੋਂ ਅੰਮ੍ਰਿਤਸਰ ਆਏ ਸਨ। ਉਨ੍ਹਾਂ ਦਾ ਅਸਲੀ ਲਾਲਚ ਤਾਂ ਉਨ੍ਹਾਂ ਘਰਾਂ ਤੇ ਬਜ਼ਾਰਾਂ ਨੂੰ ਦੇਖਣਾ ਸੀ ਜਿਹੜ ਸਾਢੇ ਸੱਤ ਸਾਲ ਪਹਿਲਾਂ ਉਨ੍ਹਾਂ ਵਾਸਤੇ ਪਰਾਏ ਹੋ ਗਏ ਸਨ। ਹਾਕੀ ਦਾ ਮੈਚ ਦੇਖਣ ਦਾ ਤਾਂ ਬਹਾਨਾ ਹੀ ਸੀ। ਹਰ ਸੜਕ ਤੇ ਮੁਸਲਮਾਨਾਂ ਦਾ ਕੋਈ ਨਾ ਕੋਈ ਟੋਲਾ ਦਿਖਾਈ ਦੇ ਰਿਹਾ ਸੀ। ਇਹ ਲੋਕ ਬੜੇ ਧਿਆਨ ਨਾਲ ਹਰ ਚੀਜ਼ ਵਲ ਵੇਖ ਰਹੇ ਸਨ। ਉਨ੍ਹਾਂ ਲਈ ਸ਼ਹਿਰ ਵਿਸ਼ੇਸ਼ ਖਿੱਚ ਦਾ ਵਿਸ਼ਾ ਬਣਿਆ ਹੋਇਆ ਸੀ।

ਤੰਗ ਬਾਜ਼ਾਰਾਂ ਵਿਚੋਂ ਦੀ ਲੰਘਦੇ ਹੋਏ ਉਹ ਇਕ ਦੂਜੇ ਨੂੰ ਪੁਰਾਣੀਆਂ ਯਾਦਾਂ ਤਾਜ਼ਾ ਕਰਵਾ ਰਹੇ ਸਨ। ...ਫਤਹਿ ਦੀਨਾ ਦੇਖ, ਮਿਸਰੀ ਬਾਜ਼ਾਰ ਵਿਚ ਮਿਸਰੀ ਦੀਆਂ ਦੁਕਾਨਾਂ ਕਿੰਨੀਆਂ ਘੱਟ ਰਹਿ ਗਈਆਂ ਨੇ ! ਉਸ ਨੁੱਕਰ ਵਿਚ ਸੁੱਖੀ ਭਠਿਆਰਨ ਦੀ ਭੱਠੀ ਸੀ, ਹੁਣ ਉਥੇ ਪਾਨ ਵਾਲਾ ਬੈਠਾ ਹੈ।......ਖਾਨ ਸਾਹਬ ! ਇਹ ਲੂਣ ਮੰਡੀ ਦੇਖੋ। ਇਥੋਂ ਦੀ ਹਰ ਲਾਲੀ ਏਨੀ ਨਮਕੀਨ ਹੁੰਦੀ ਹੈ ਕਿ ਪੁੱਛੋ ਕੁਝ ਨਾ...!

ਬੜੇ ਦਿਨਾਂ ਬਾਦ ਬਾਜ਼ਾਰਾਂ ਵਿਚ ਤੁਰਲੇਦਾਰ ਪੱਗਾਂ ਅਤੇ ਤੁਰਕੀ ਟੋਪੀਆਂ ਨਜ਼ਰ ਆ ਰਹੀਆਂ ਸਨ। ਲਾਹੌਰੋਂ ਆਏ ਮੁਸਲਮਾਨਾਂ ਦੀ ਵਧੇਰੇ ਗਿਣਤੀ ਅਜਿਹੇ ਲੋਕਾਂ ਦੀ ਸੀ ਜਿਨ੍ਹਾਂ ਨੂੰ ਵੰਡ ਸਮੇਂ ਮਜਬੂਰੀ ਵਿਚ ਅੰਮ੍ਰਿਤਸਰ ਨੂੰ ਛੱਡਣਾ ਪਿਆ ਸੀ। ਸਾਢੇ ਸੱਤਾਂ ਸਾਲਾਂ ਵਿਚ ਹੋਈ ਤਬਦੀਲੀ ਨੂੰ ਦੇਖ ਕੇ ਕਦੇ ਇਹ ਲੋਕ ਹੈਰਾਨ ਹੁੰਦੇ ਤੇ ਕਦੇ ਉਨ੍ਹਾਂ ਨੂੰ ਇਸ ਉਪਰ ਅਫ਼ਸੋਸ ਹੁੰਦਾ। ਵਲਾਹ ! ਕਟੜਾ ਜੈਮਲ ਸਿੰਘ ਏਨਾ ਚੌੜਾ ਕਿਵੇਂ ਹੋ ਗਿਆ ? ਕੀ ਏਧਰ ਦੇ ਸਾਰੇ ਘਰ ਜਲ ਗਏ ਸਨ ?...ਇਥੇ ਹਕੀਮ ਆਸਿਫ ਅਲੀ ਦੀ ਦੁਕਾਨ ਸੀ ਨਾ ? ਇਥੇ ਹੁਣ ਕਿਸੇ ਮੋਚੀ ਨੇ ਕਬਜ਼ਾ ਕਰ ਰੱਖਿਆ ਹੈ ?

ਕਿਤੇ ਕਿਤੇ ਇਹ ਵਾਕ ਵੀ ਸੁਣਨ ਨੂੰ ਮਿਲਦੇ—ਵਲੀ, ਇਹ ਮਸਜਿਦ ਜਿਵੇਂ ਦੀ ਤਿਵੇਂ ਖੜੀ ਹੈ ? ਇਨ੍ਹਾਂ ਲੋਕਾਂ ਨੇ ਇਥੇ ਗੁਰਦੁਆਰਾ ਨਹੀਂ ਬਣਾਇਆ।

ਜਿਸ ਪਾਸਿਉਂ ਦੀ ਪਾਕਿਸਤਾਨੀਆਂ ਦੀ ਟੋਲੀ ਗੁਜ਼ਰਦੀ ਉਧਰ ਦੇ ਸ਼ਹਿਰੀ ਲੋਕ ਉਨ੍ਹਾਂ ਵਲ ਉਤਸ਼ਾਹ ਨਾਲ ਦੇਖਣ ਲਗਦੇ। ਕੁਝ ਤਾਂ ਮੁਸਲਮਾਨਾਂ ਨੂੰ ਆਉਂਦਿਆਂ ਦੇਖ ਕੇ ਸ਼ੱਕ ਕਰਦੇ ਹੋਏ ਪਰ੍ਹਾਂ ਹਟ ਜਾਂਦੇ, ਪਰ ਕੁਝ ਅਗਾਂਹ ਹੋ ਕੇ ਉਨ੍ਹਾਂ ਨੂੰ ਜੱਫੀਆਂ ਪਾ ਪਾ ਮਿਲਦੇ। ਉਹ ਬਾਹਰੋਂ ਆਇਆਂ ਨੂੰ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਜਿਵੇਂ— ਅੱਜ ਕਲ੍ਹ ਲਾਹੌਰ ਦਾ ਕੀ ਹਾਲ ਚਾਲ ਐ ? ਅਨਾਰਕਲੀ ਵਿਚ ਹੁਣ ਪਹਿਲਾਂ ਵਰਗੀ ਰੌਣਕ ਹੁੰਦੀ ਹੈ ਜਾ ਨਹੀਂ ? ਸੁਣਿਆ, ਸ਼ਾਹਆਲਮੀ ਗੇਟ ਦਾ ਬਾਜ਼ਾਰ ਸਾਰੇ ਦਾ ਸਾਰਾ ਨਵਾਂ ਬਣਿਆ ? ਕ੍ਰਿਸ਼ਨਾ ਨਗਰ ਵਿਚ ਤਾਂ ਬਹੁਤੀ ਅਦਲਾ ਬਦਲੀ ਨਹੀਂ ਹੋਈ ? ਲਾਹੌਰ ਦਾ ਰਿਸ਼ਵਤਪੁਰਾ ਕੀ ਸੱਚਮੁਚ ਹੀ ਰਿਸ਼ਵਤ ਦੇ ਪੈਸੇ ਨਾਲ ਬਣਿਆ ਹੈ ? ਸੁਣਿਆ ਹੈ

ਪਾਕਿਸਤਾਨ ਵਿਚ ਬੁਰਕਾ ਬਿਲਕੁਲ ਹੀ ਖਤਮ ਹੋ ਗਿਆ ਹੈ, ਕੀ ਇਹ ਠੀਕ ਹੈ ?...ਇਨ੍ਹਾਂ ਸਵਾਲਾਂ ਵਿਚ ਏਨਾਂ ਆਪਣਾਪਣ ਲਗਦਾ ਸੀ ਕਿ ਲਾਹੌਰ ਇਕ ਸ਼ਹਿਰ ਨਾ ਹੋ ਕੇ, ਹਜ਼ਾਰਾਂ ਲੋਕਾਂ ਦਾ ਨੇੜਲਾ ਰਿਸ਼ਤੇਦਾਰ ਹੋਵੇ ਜਿਸਦਾ ਹਾਲ ਚਾਲ ਜਾਨਣ ਲਈ ਉਹ ਬੇਹੱਦ ਉਤਸੁਕ ਹੋਣ। ਲਾਹੌਰੋਂ ਆਏ ਲੋਕ ਸਾਰੇ ਸ਼ਹਿਰ ਦੇ ਪ੍ਰਾਹੁਣੇ ਸਨ। ਇਨ੍ਹਾਂ ਨੂੰ ਮਿਲ ਕੇ ਤੇ ਗੱਲਾਂ ਬਾਤਾਂ ਕਰਕੇ ਸਾਰਿਆਂ ਨੂੰ ਬੇਹਦ ਖੁਸ਼ੀ ਹੋ ਰਹੀ ਸੀ।

ਬਾਜ਼ਾਰ ਬਾਂਸਾਂ ਅੰਮ੍ਰਿਤਸਰ ਦਾ ਇਕ ਉਜੜਿਆ ਜਿਹਾ ਬਾਜ਼ਾਰ ਹੈ, ਜਿਥੇ ਵੰਡ ਤੋਂ ਪਹਿਲਾਂ ਵਧੇਰੇ ਕਰਕੇ ਹੇਠਲੇ ਤਬਕੇ ਦੇ ਮੁਸਲਮਾਨ ਰਹਿੰਦੇ ਸਨ। ਇਥੇ ਜ਼ਿਆਦਾ ਬਾਂਸਾਂ ਤੇ ਸ਼ਤੀਰੀਆਂ ਦੀਆਂ ਦੁਕਾਨਾਂ ਸਨ ਜੋ ਇਕ ਵਾਰ ਅੱਗ ਲੱਗਣ ਨਾਲ ਹੀ ਜਲ ਕੇ ਰਾਖ ਹੋ ਗਈਆਂ ਸਨ। ਬਾਜ਼ਾਰ ਬਾਂਸਾਂ ਦੀ ਉਹ ਅੱਗ ਅੰਮ੍ਰਿਤਸਰ ਦੀ ਸਭ ਤੋਂ ਭਿਆਨਕ ਅੱਗ ਸੀ ਜਿਸ ਕਾਰਣ ਇਕ ਵਾਰ ਤਾਂ ਸਾਰਾ ਸ਼ਹਿਰ ਜਲ ਜਾਣ ਦਾ ਖਤਰਾ ਪੈਦਾ ਹੋ ਗਿਆ ਸੀ। ਆਲੇ ਦੁਆਲੇ ਦੇ ਮਹੱਲਿਆਂ ਨੂੰ ਤਾਂ ਇਸਨੇ ਆਪਣੀ ਲਪੇਟ ਵਿਚ ਲੈ ਹੀ ਲਿਆ ਸੀ। ਖੈਰ ਕਿਸੇ ਨਾ ਕਿਸੇ ਤਰ੍ਹਾਂ ਉਸ ਅੱਗ ਨੂੰ ਕਾਬੂ ਵਿਚ ਕਰ ਲਿਆ ਗਿਆ ਸੀ, ਪਰ ਮੁਸਲਮਾਨਾਂ ਦੇ ਇਕ ਇਕ ਘਰ ਨਾਲ ਚਾਰ-ਚਾਰ, ਪੰਜ-ਪੰਜ ਹਿੰਦੂਆਂ ਦੇ ਘਰ ਵੀ ਜਲ ਕੇ ਸੁਆਹ ਹੋ ਗਏ ਸਨ। ਸਾਢੇ ਸੱਤਾਂ ਸਾਲਾਂ ਵਿਚ ਕਈ ਇਮਾਰਤਾਂ ਦੁਬਾਰਾ ਉਸਰ ਗਈਆਂ ਸਨ, ਪਰ ਜਗ੍ਹਾ-ਜਗ੍ਹਾ ਮਲਬੇ ਦੇ ਢੇਰ ਅਜੇ ਵੀ ਮੌਜੂਦ ਸਨ। ਨਵੀਆਂ ਇਮਾਰਤਾਂ ਦੇ ਵਿਚਕਾਰ ਮਲਬੇ ਦੇ ਢੇਰ ਅਜੀਬ ਜਿਹਾ ਮਾਹੌਲ ਪੈਦਾ ਕਰ ਰਹੇ ਸਨ।

ਬਾਜ਼ਾਰ ਬਾਂਸਾਂ ਵਿਚ ਉਸ ਦਿਨ ਵੀ ਚਹਲ ਪਹਲ ਨਹੀਂ ਸੀ। ਬਾਜ਼ਾਰ ਦੇ ਬਹੁਤੇ ਵਸਨੀਕ ਆਪਣੇ ਮਕਾਨਾਂ ਦੇ ਨਾਲ ਹੀ ਸ਼ਹੀਦ ਹੋ ਗਏ ਸਨ। ਜਿਹੜੇ ਬਚ ਕੇ ਨਿਕਲ ਗਏ ਸਨ ਉਨ੍ਹਾਂ ਵਿਚੋਂ ਸ਼ਾਇਦ ਕਿਸੇ ਵਿਚ ਮੁੜਕੇ ਆਉਣ ਦੀ ਹਿੰਮਤ ਨਹੀਂ ਸੀ ਰਹੀ। ਸਿਰਫ ਇਕ ਦੁਬਲਾ ਪਤਲਾ ਜਿਹਾ ਮੁਸਲਮਾਨ ਬੁੱਢਾ ਹੀ ਉਸ ਵੀਰਾਨ ਬਾਜ਼ਾਰ ਵਿਚ ਆਇਆ। ਉਥੋਂ ਦੀਆਂ ਜਲੀਆਂ ਹੋਈਆਂ ਇਮਾਰਤਾਂ ਨੂੰ ਦੇਖ ਕੇ ਉਹ ਸ਼ਸ਼ੋਪੰਜ ਵਿਚ ਪੈ ਗਿਆ। ਖੱਬੇ ਹੱਥ ਜਾਣ ਵਾਲੀ ਗਲੀ ਕੋਲ ਪਹੁੰਚ ਕੇ ਉਹ ਅੰਦਰ ਜਾਣ ਲੱਗਾ ਪਰ ਕੁਝ ਹਿਚਕਚਾ ਕੇ ਉਹ ਉਥੇ ਹੀ ਖੜਾ ਰਹਿ ਗਿਆ। ਲਗਦਾ ਸੀ ਜਿਵੇਂ ਉਸਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਇਹ ਉਹੀ ਗਲੀ ਹੈ ਜਿਸ ਵਿਚ ਉਹ ਜਾਣਾ ਚਾਹੁੰਦਾ ਸੀ। ਗਲੀ ਦੇ ਇਕ ਪਾਸੇ ਕੁਝ ਬੱਚੇ ਕੀੜੀ-ਕੀੜਾ ਖੇਲ੍ਹ ਰਹੇ ਸਨ। ਕੁਝ ਦੂਰ ਦੋ ਔਰਤਾਂ ਉੱਚੀ ਉੱਚੀ ਇਕ ਦੂਸਰੇ ਨੂੰ ਗਾਲੀਆਂ ਦੇ ਰਹੀਆਂ ਸਨ।

"ਸਭ ਕੁਝ ਬਦਲ ਗਿਆ ਪਰ ਬੋਲੀ ਨਾ ਬਦਲੀ।" ਬੁੱਢੇ ਮੁਸਲਮਾਨ ਨੇ ਆਪਣੇ ਆਪਨੂੰ ਹੌਲੀ ਜਿਹੀ ਕਿਹਾ ਅਤੇ ਸੋਟੀ ਦਾ ਸਹਾਰਾ ਲੈ ਕੇ ਖੜਾ ਰਿਹਾ। ਗੋਡਿਆਂ ਤੋਂ ਉਹਦਾ ਪਜਾਮਾ ਬਾਹਰ ਨਿਕਲ ਆਇਆ ਸੀ। ਗੋਡਿਆਂ ਤੋਂ ਥੋੜ੍ਹਾ ਜਿਆ ਉਤੇ ਸ਼ੇਰਵਾਨੀ ਨੂੰ ਤਿੰਨ ਚਾਰ ਟਾਕੀਆਂ ਲੱਗੀਆਂ ਹੋਈਆਂ ਸਨ। ਗਲੀ ਵਿਚ ਇਕ ਬੱਚਾ ਰੋਂਦਾ ਹੋਇਆ ਬਾਹਰ ਆ ਰਿਹਾ ਸੀ। ਬੁੱਢੇ ਨੇ ਉਸ ਨੂੰ ਪੁਚਕਾਰਿਆ, "ਬੇਟੇ ਇਧਰ ਆਉ। ਮੈਂ ਤੈਨੂੰ ਚੀਜੀ ਦਿਆਂਗਾ!" ਇਹ ਕਹਿ ਕੇ ਉਹ ਜੇਬ ਵਿਚੋਂ ਦੇਣ ਲਈ ਕੋਈ ਚੀਜ਼ ਲੱਭਣ ਲੱਗਾ।



ਬੱਚਾ ਪਲ ਭਰ ਤਾਂ ਚੁਪ ਕਰ ਗਿਆ। ਪਰ ਫਿਰ ਪਹਿਲਾਂ ਵਾਂਗ ਹੀ ਬੁਲ੍ਹ ਟੇਰ ਕੇ ਡੁਸਕਣ ਲੱਗਾ। ਇਕ ਸੋਲ੍ਹਾਂ ਸਤਾਰਾਂ ਸਾਲ ਦੀ ਕੁੜੀ ਗਲੀ 'ਚੋਂ ਦੌੜਦੀ ਹੋਈ ਆਈ ਅਤੇ ਬੱਚੇ ਨੂੰ ਬਾਹੋਂ ਫੜ ਕੇ ਅੰਦਰ ਵਲ ਨੂੰ ਲੈ ਤੁਰੀ। ਬੱਚਾ ਹੁਣ ਰੋਣ ਦੇ ਨਾਲ ਨਾਲ ਆਪਣੀ ਬਾਂਹ ਛੁਡਾਉਣ ਲਈ ਵੀ ਤਰਲੋਮੱਛੀ ਹੋਣ ਲੱਗਾ। ਲੜਕੀ ਨੇ ਉਸਨੂੰ ਚੁੱਕ ਕੇ ਆਪਣੇ ਨਾਲ ਕੱਸ ਲਿਆ ਅਤੇ ਉਹਦਾ ਮੂੰਹ ਚੁੰਮਦੀ ਹੋਈ ਕਹਿਣ ਲਈ, "ਖਸਮਾਂ ਨੂੰ ਖਾਣਿਆਂ ਚੁੱਪ ਵੀ ਕਰ। ਰੋਏਂਗਾ ਤਾਂ ਤੈਨੂੰ ਉਹ ਮੁਸਲਮਾਨ ਫੜ ਕੇ ਲੈ ਜਾਵੇਗਾ। ਮੈਂ ਕਹਿਨੀ ਆਂ ਚੁੱਪ ਵੀ ਕਰ।"

ਬੱਚੇ ਨੂੰ ਦੇਣ ਲਈ ਕੱਢੇ ਹੋਏ ਪੈਸੇ ਨੂੰ ਬੁੱਢੇ ਮੁਸਲਮਾਨ ਨੇ ਮੁੜ ਜੇਬ ਵਿਚ ਪਾ ਲਿਆ। ਸਿਰੋਂ ਟੋਪੀ ਲਾਹ ਕੇ ਖਾਜ ਕੀਤੀ ਤੇ ਟੋਪੀ ਨੂੰ ਬਗਲ ਵਿਚ ਦਬਾ ਲਿਆ। ਉਸ ਦੇ ਗੋਡੇ ਕੰਬ ਰਹੇ ਸਨ ਤੇ ਗਲਾ ਖੁਸ਼ਕ ਹੋ ਰਿਹਾ ਸੀ। ਉਸਨੇ ਗਲੀਉਂ ਬਾਹਰ ਇਕ ਬੰਦ ਦੁਕਾਨ ਦੇ ਤਖਤੇ ਦਾ ਸਹਾਰਾ ਲਿਆ ਅਤੇ ਟੋਪੀ ਦੁਬਾਰਾ ਸਿਰ ਤੇ ਟਿਕਾ ਲਈ। ਗਲੀ ਦੇ ਸਾਹਮਣੇ ਓਥੇ ਇਕ ਤਿਮੰਜ਼ਲਾ ਮਕਾਨ ਖੜਾ ਸੀ ਜਿਥੇ ਕਦੇ ਉਚੇ ਉਚੇ ਸ਼ਹਿਤੀਰ ਰੱਖੇ ਰਹਿੰਦੇ ਸਨ। ਬਿਜਲੀ ਦੀਆ ਤਾਰਾਂ ਉਪਰ ਸਾਹਮਣੇ ਮੋਟੀਆਂ ਮੋਟੀਆਂ ਚੀਲ੍ਹਾਂ ਬਿਲਕੁਲ ਜੜ੍ਹ ਰੂਪ ਵਿਚ ਬੈਠੀਆਂ ਸਨ। ਬਿਜਲੀ ਦੇ ਖੰਭੇ ਕੋਲ ਥੋੜ੍ਹੀ ਧੁੱਪ ਸੀ। ਉਹ ਕੁਝ ਪਲ ਧੁੱਪ ਵਿਚ ਉੱਡਦੀ ਧੂੜ ਦੇ ਕਿਣਕਿਆਂ ਨੂੰ ਦੇਖਦਾ ਰਿਹਾ। ਉਸਦੇ ਮੂੰਹੋਂ ਅਚਾਨਕ ਨਿਕਲਿਆ, "ਯਾ ਮਾਲਿਕ!"

ਚਾਬੀਆਂ ਦੇ ਗੁੱਛੇ ਨੂੰ ਘੁਮਾਉਂਦਾ ਇਕ ਨੌਜਵਾਨ ਗਲੀ ਵੱਲ ਆਇਆ। ਬੁੱਢੇ ਨੂੰ ਦੇਖ ਕੇ ਉਸਨੇ ਪੁੱਛਿਆ, "ਕਹੋ ਮੀਆਂ ਜੀ, ਕਿਵੇਂ ਖੜ੍ਹੇ ਹੋ?"

ਬੁੱਢੇ ਮੁਸਲਮਾਨ ਨੂੰ ਛਾਤੀ ਅਤੇ ਆਪਣੀਆਂ ਬਾਹਾਂ ਵਿਚ ਕੰਬਣੀ ਮਹਿਸੂਸ ਹੋਈ। ਉਸਨੇ ਬੁੱਲ੍ਹਾਂ ਤੇ ਜੀਭ ਫੇਰੀ ਅਤੇ ਨੌਜਵਾਨ ਨੂੰ ਧਿਆਨ ਨਾਲ ਦੇਖਦਾ ਹੋਇਆ ਪੁੱਛਣ ਲੱਗਾ, "ਬੇਟਾ, ਤੇਰਾ ਨਾਂ ਗਨੌਰੀ ਹੀ ਹੈ ਨਾਂ?"

ਨੌਜਵਾਨ ਨੇ ਚਾਬੀਆਂ ਦੇ ਗੁੱਛੇ ਨੂੰ ਹਿਲਾਉਣਾ ਬੰਦ ਕਰਕੇ ਮੁੱਠ ਵਿਚ ਲੈ ਲਿਆ ਅਤੇ ਹੈਰਾਨੀ ਨਾਲ ਪੁੱਛਿਆ, "ਤੁਹਾਨੂੰ ਮੇਰਾ ਨਾਂ ਕਿਵੇਂ ਪਤਾ?"

"ਸਾਢੇ ਸੱਤ ਸਾਲ ਪਹਿਲਾਂ ਤੂੰ ਏਨਾ ਕੁ ਸੀ, "ਕਹਿ ਕੇ ਬੁੱਢੇ ਨੇ ਮੁਸਕਰਾਉਣ ਦਾ ਯਤਨ ਕੀਤਾ।

"ਤੁਸੀਂ ਅੱਜ ਪਾਕਿਸਤਾਨੋਂ ਆਏ ਹੋ ਨਾ?"

"ਹਾਂ! ਪਹਿਲਾਂ ਅਸੀਂ ਇਸੇ ਗਲੀ ਵਿਚ ਰਹਿੰਦੇ ਸਾਂ" ਬੁੱਢੇ ਨੇ ਕਿਹਾ। "ਮੇਰਾ ਮੁੰਡਾ ਚਿਰਾਗਦੀਨ ਦਰਜੀ ਸੀ। ਵੰਡ ਤੋਂ ਛੇ ਮਹੀਨੇ ਪਹਿਲਾਂ ਅਸੀਂ ਇਥੇ ਆਪਣਾ ਨਵਾਂ ਮਕਾਨ ਬਣਾਇਆ ਸੀ।"

"ਓ ਹੋ ਗਨੀ ਮੀਆਂ!" ਮਨੋਹਰੀ ਨੇ ਪਹਿਚਾਣ ਲਿਆ।

"ਹਾਂ, ਬੇਟਾ ਮੈਂ ਤੁਹਾਡਾ ਗਨੀ ਮੀਆਂ ਹੀ ਹਾਂ! ਚਿਰਾਗ ਤੇ ਉਸਦੇ ਬੀਵੀ ਬੱਚੇ ਤਾਂ

ਹੁਣ ਮੈਨੂੰ ਮਿਲ ਨਹੀਂ ਸਕਦੇ, ਪਰ ਸੋਚਿਆ ਇਕ ਵਾਰ ਮਕਾਨ ਨੂੰ ਹੀ ਨਜ਼ਰ ਮਾਰ ਆਵਾਂ!" ਬੁੱਢੇ ਨੇ ਟੋਪੀ ਲਾਹ ਕੇ ਸਿਰ ਤੇ ਹੱਥ ਫੇਰਿਆ ਅਤੇ ਹੰਝੂਆਂ ਨੂੰ ਵਗਣੋਂ ਰੋਕ ਲਿਆ।

"ਤੁਸੀ ਤਾਂ ਸ਼ਾਇਦ ਕਾਫ਼ੀ ਚਿਰ ਪਹਿਲਾਂ ਚਲੇ ਗਏ ਸੀ," ਗਨੌਰੀ ਦੀ ਆਵਾਜ਼ ਵਿਚ ਹਮਦਰਦੀ ਸੀ।

"ਹਾਂ ਬੇਟੇ ਇਹ ਮੇਰੀ ਬਦਕਿਸਮਤੀ ਸੀ ਕਿ ਮੈਂ ਇਕੱਲਾ ਪਹਿਲਾਂ ਨਿਕਲ ਗਿਆ ਸਾਂ। ਇਥੇ ਰਹਿੰਦਾ ਤਾਂ ਉਹਨਾਂ ਦੇ ਨਾਲ ਮੈਂ ਵੀ......" ਕਹਿ ਕੇ ਉਸਨੂੰ ਅਹਿਸਾਸ ਹੋਇਆ ਕਿ ਉਸਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ। ਉਸਨੇ ਗੱਲ ਤਾਂ ਪੂਰੀ ਹੋਣੋਂ ਰੋਕ ਲਈ ਪਰ ਹੰਝੂਆਂ ਨੂੰ ਨਹੀਂ ਰੋਕਿਆ।

"ਛੱਡੋ ਗਨੀ ਮੀਆਂ, ਹੁਣ ਉਹਨਾਂ ਗੱਲਾਂ ਨੂੰ ਸੋਚਣ ਵਿਚ ਕੀ ਰੱਖਿਆ?"

ਗਨੌਰੀ ਨੇ ਗਨੀ ਦੀ ਬਾਂਹ ਫੜ ਲਈ। "ਚਲੋ ਮੈਂ ਤੁਹਾਨੂੰ ਤੁਹਾਡਾ ਘਰ ਦਿਖਾਵਾਂ।"

ਗਲੀ ਵਿਚ ਅਫਵਾਹ ਫੈਲ ਗਈ ਕਿ ਗਲੀ ਦੇ ਬਾਹਰ ਇਕ ਮੁਸਲਮਾਨ ਖੜਾ ਹੈ ਜੋ ਰਾਮਦਾਸੀ ਦੇ ਮੁੰਡੇ ਨੂੰ ਚੁੱਕ ਕੇ ਲੈ ਜਾ ਰਿਹਾ ਸੀ......ਜੇ ਉਹਦੀ ਭੈਣ ਵੇਲ ਸਿਰ ਨਾ ਪਹੁੰਚਦੀ ਤਾਂ ਉਹ ਤਾਂ ਮੁੰਡੇ ਨੂੰ ਚੁੱਕ ਕੇ ਹੀ ਲੈ ਗਿਆ ਸੀ। ਇਹ ਖਬਰ ਸੁਣ ਕੇ ਜਿਹੜੀਆਂ ਜਨਾਨੀਆਂ ਪੀੜ੍ਹੇ ਡਾਹ ਕੇ ਗਲੀ ਵਿਚ ਬੈਠੀਆਂ ਹੋਈਆਂ ਸਨ ਉਹ ਪੀੜ੍ਹੇ ਚੁੱਕ ਕੇ ਘਰਾਂ ਅੰਦਰ ਹੋ ਗਈਆਂ। ਬਾਹਰ ਖੇਲਦੇ ਬੱਚਿਆਂ ਨੂੰ ਉਹਨਾਂ ਨੇ ਅਵਾਜ਼ਾਂ ਦੇ ਕੇ ਘਰ ਸੱਦ ਲਿਆ। ਗਨੌਰੀ ਜਦੋਂ ਗਨੀ ਨੂੰ ਲੈ ਕੇ ਗਲੀ ਵਿਚ ਦਾਖਿਲ ਹੋਇਆ ਤਾਂ ਗਲੀ ਵਿਚ ਸਿਰਫ ਇਕ ਫੇਰੀ ਵਾਲਾ ਰਹਿ ਗਿਆ ਸੀ, ਜਾਂ ਫਿਰ ਰੱਖਾ ਪਹਿਲਵਾਨ ਸੀ ਜੋ ਖੂਹ ਦੇ ਪਿੱਪਲ ਹੇਠ ਪਸਰ ਕੇ ਸੁੱਤਾ ਹੋਇਆ ਸੀ। ਪਰ ਘਰਾਂ ਦੀਆਂ ਖਿੜਕੀਆਂ ਵਿਚੋਂ ਤੇ ਦਰਵਾਜ਼ਿਆਂ ਉਹਲਿਓਂ ਕਈ ਅੱਖਾਂ ਗਲੀ ਵੱਲ ਲੱਗੀਆਂ ਹੋਈਆਂ ਸਨ। ਗਨੀ ਨੂੰ ਆਉਂਦਿਆਂ ਵੇਖ ਕੇ ਕਾਨਾਫੂਸੀਆਂ ਸ਼ੁਰੂ ਹੋ ਗਈਆਂ। ਦਾੜ੍ਹੀ ਦੇ ਸਾਰੇ ਬਾਲ ਸਫੇਦ ਹੋਣ ਦੇ ਬਾਵਜੂਦ ਚਿਰਾਗਦੀਨ ਦੇ ਪਿਓ ਅਬਦੁਲ ਗਨੀ ਨੂੰ ਪਹਿਚਾਨਣ ਵਿਚ ਕਿਸੇ ਨੂੰ ਕੋਈ ਦਿੱਕਤ ਮਹਿਸੂਸ ਨਹੀਂ ਹੋਈ।

"ਉਹ ਸੀ ਤੁਹਾਡਾ ਮਕਾਨ", ਗਨੌਰੀ ਨੇ ਦੂਰੋਂ ਹੀ ਮਲਬੇ ਵਲ ਇਸ਼ਾਰਾ ਕੀਤਾ।" ਪਲ ਭਰ ਲਈ ਗਨੀ ਸਕਤੇ ਵਿਚ ਆ ਕੇ ਫਟੀਆਂ ਫਟੀਆਂ ਅੱਖਾਂ ਨਾਲ ਉੱਧਰ ਦੇਖਦਾ ਰਿਹਾ। ਚਿਰਾਗ ਤੇ ਉਹਦੇ ਬੀਵੀ-ਬੱਚਿਆਂ ਦੀ ਮੌਤ ਨੂੰ ਤਾਂ ਉਹ ਬਹੁਤ ਚਿਰ ਪਹਿਲਾਂ ਸਵੀਕਾਰ ਕਰ ਚੁੱਕਾ ਸੀ। ਪਰ ਆਪਣੇ ਨਵੇਂ ਮਕਾਨ ਨੂੰ ਇਸ ਹਾਲਤ ਵਿਚ ਦੇਖ ਕੇ ਉਸ ਨੂੰ ਇਕ ਝੁਣਝੁਣੀ ਆਈ। ਅਸਲ ਵਿਚ ਉਹ ਇਸ ਲਈ ਤਿਆਰ ਨਹੀਂ ਸੀ। ਉਸਦੀ ਜ਼ਬਾਨ ਪਹਿਲਾਂ ਤੋਂ ਵੀ ਖੁਸ਼ਕ ਹੋ ਗਈ ਅਤੇ ਉਹਦੇ ਗੋਡੇ ਹੋਰ ਵੀ ਕੰਬਣ ਲਗ ਪਏ।

"ਇਹ ਮਲਬਾ?" ਉਹਨੇ ਬੇਯਕੀਨੀ ਨਾਲ ਪੁੱਛਿਆ।

ਗਨੌਰੀ ਨੇ ਉਸਦੇ ਚਿਹਰੇ ਦੇ ਬਦਲਦੇ ਰੰਗ ਨੂੰ ਵੇਖਿਆ। ਉਸਦੀ ਬਾਂਹ ਨੂੰ ਥੋੜ੍ਹਾ ਹੋਰ ਸਹਾਰਾ ਦੇ ਕੇ ਉਸਨੇ ਹੌਲੀ ਜਿਹੀ ਜਵਾਬ ਦਿਤਾ, "ਤੁਹਾਡਾ ਮਕਾਨ ਉਹਨਾਂ ਦਿਨਾਂ



ਵਿਚ ਹੀ ਜਲ ਗਿਆ ਸੀ।

ਗਨੀ ਕਿਸੇ ਤਰ੍ਹਾਂ ਸੋਟੀ ਦੇ ਸਹਾਰੇ ਤੁਰਦਾ ਮਲਬੇ ਦੇ ਕੋਲ ਪਹੁੰਚ ਗਿਆ। ਮਲਬੇ 'ਚ ਹੁਣ ਮਿੱਟੀ ਹੀ ਮਿੱਟੀ ਸੀ ਜਿਸ ਵਿਚੋਂ ਇਧਰ ਉਧਰ ਟੁੱਟੀਆਂ ਤੇ ਜਲੀਆਂ ਇੱਟਾਂ ਝਾਕ ਰਹੀਆਂ ਸਨ। ਲੋਹੇ ਤੇ ਲਕੜੀ ਦਾ ਸਮਾਨ ਤਾਂ ਕਦੋਂ ਦਾ ਕੱਢਿਆ ਜਾ ਚੁੱਕਾ ਸੀ। ਇਕ ਜਲੇ ਹੋਏ ਦਰਵਾਜ਼ੇ ਦੀ ਚੁਗਾਠ ਪਤਾ ਨਹੀਂ ਕਿਵੇਂ ਬਚੀ ਰਹਿ ਗਈ ਸੀ। ਪਿਛਲੇ ਪਾਸੇ ਜਲੀਆਂ ਹੋਈਆਂ ਦੋ ਅਲਮਾਰੀਆਂ ਸਨ, ਜਿਹਨਾਂ ਦੀ ਕਾਲਖ ਉਪਰ ਸਫ਼ੇਦੀ ਦੀ ਹਲਕੀ ਹਲਕੀ ਤਹਿ ਜੰਮ ਗਈ ਸੀ। ਗਨੀ ਨੇ ਮਲਬੇ ਨੂੰ ਨੇੜਿਉਂ ਦੇਖ ਕੇ ਕਿਹਾ, "ਬਾਕੀ ਇਹ ਕੁਝ ਰਹਿ ਗਿਆ ਹੈ, ਇਹ?" ਉਸਦੇ ਗੋਡੇ ਜਿਵੇਂ ਜਵਾਬ ਦੇ ਗਏ। ਉਹ ਜਲੀ ਹੋਈ ਚੌਗਾਠ ਨੂੰ ਫੜ ਕੇ ਉਥੇ ਹੀ ਬੈਠ ਗਿਆ। ਪਲ ਕੁ ਪਿਛੋਂ ਉਹਦਾ ਸਿਰ ਵੀ ਚੌਗਾਠ ਨਾਲ ਜਾ ਲੱਗਾ ਤੇ ਉਹ ਵਿਲਕ ਉੱਠਿਆ, "ਹਾਏ ਓਇ ਚਿਰਾਗਦੀਨਾ!"

ਜਲੇ ਦਰਵਾਜ਼ੇ ਦੀ ਇਹ ਚੌਗਾਠ ਸਾਢੇ ਸੱਤ ਸਾਲ ਮਲਬੇ ਤੋਂ ਬਾਹਰ ਝਾਕਦੀ ਖੜੀ ਤਾਂ ਰਹੀ ਸੀ ਪਰ ਉਸਦੀ ਲੱਕੜ ਖੱਦੀ ਭੁਰਭੁਰੀ ਹੋ ਗਈ ਸੀ। ਗਨੀ ਦਾ ਸਿਰ ਲੱਗਣ ਨਾਲ ਉਸਦੀਆਂ ਕਈ ਛਿਲਤਰਾਂ ਆਸ-ਪਾਸ ਬਿਖਰ ਗਈਆਂ ਸਨ। ਕੁਝ ਤਾਂ ਗਨੀ ਦੀ ਟੋਪੀ ਤੇ ਬਾਲਾਂ ਤੇ ਆ ਪਈਆਂ। ਇਹਨਾਂ ਛਿਲਤਰਾਂ ਦੇ ਨਾਲ ਹੀ ਇਕ ਗੰਡੋਆ ਵੀ ਡਿਗ ਪਿਆ ਜੋ ਗਨੀ ਦੇ ਪੈਰ ਤੋਂ ਕੋਈ ਛੇ-ਅੱਠ ਇੰਚ ਦੂਰ ਨਾਲੀ ਦੇ ਨਾਲ-ਨਾਲ ਬਣੀ ਇੱਟਾਂ ਦੀ ਪਟੜੀ ਤੇ ਇਧਰ ਉਧਰ ਦੌੜਨ ਲੱਗਾ। ਉਹ ਛੁਪਣ ਵਾਸਤੇ ਵਿਰਲ ਲੱਭਦਾ ਇਧਰ ਉਧਰ ਸਿਰ ਚੁੱਕਦਾ ਪਰ ਕੋਈ ਥਾਂ ਨਾ ਮਿਲਣ ਤੇ ਇਧਰ ਉਧਰ ਸਿਰ ਸੁੱਟਦਾ ਦੂਜੇ ਪਾਸੇ ਮੁੜ ਜਾਂਦਾ।

ਖਿੜਕੀਆਂ ਵਿਚੋਂ ਦੇਖਣ ਵਾਲਿਆਂ ਦੀ ਗਿਣਤੀ ਹੁਣ ਪਹਿਲਾਂ ਨਾਲੋਂ ਕਿਤੇ ਵਧੇਰੇ ਹੋ ਗਈ ਸੀ। ਚੁੰਜ ਚਰਚਾ ਹੋ ਰਹੀ ਸੀ ਅੱਜ ਕੁਝ ਨਾ ਕੁਝ ਵਾਪਰੇਗਾ।......ਚਿਰਾਗਦੀਨ ਦਾ ਪਿਓ ਗਨੀ ਆ ਗਿਆ ਹੈ। ਇਸ ਲਈ ਸਾਢੇ ਸੱਤ ਸਾਲ ਪਹਿਲਾਂ ਵਾਲੀ ਘਟਨਾ ਦਾ ਰਾਜ ਖੁਲ੍ਹ ਜਾਏਗਾ। ਲੋਕਾਂ ਨੂੰ ਲਗ ਰਿਹਾ ਸੀ ਕਿ ਮਲਬਾ ਹੀ ਗਨੀ ਨੂੰ ਸਾਰੀ ਕਹਾਣੀ ਸੁਣਾ ਦੇਵੇਗਾ।—ਕਿ ਸ਼ਾਮ ਵੇਲੇ ਚਿਰਾਗਦੀਨ ਉਪਰ ਵਾਲੇ ਕਮਰੇ ਵਿਚ ਖਾਣਾ ਖਾ ਰਿਹਾ ਸੀ ਜਦੋਂ ਰੱਖੇ ਪਹਿਲਵਾਨ ਨੇ ਉਸਨੂੰ ਹੇਠਾਂ ਬੁਲਾਇਆ। ਉਸਨੇ ਕਿਹਾ ਕਿ ਇਕ ਮਿੰਟ ਆ ਕੇ ਉਸਦੀ ਗੱਲ ਸੁਣ ਲਏ। ਪਹਿਲਵਾਨ ਉਹਨਾਂ ਦਿਨਾਂ ਵਿਚ ਗਲੀ ਦਾ ਬਾਦਸ਼ਾਹ ਸੀ। ਗਲੀ ਦੇ ਹਿੰਦੂਆਂ ਉਪਰ ਵੀ ਉਸਦਾ ਪੂਰਾ ਦਬਦਬਾ ਸੀ—ਚਿਰਾਗ ਤਾਂ ਖੈਰ ਸੀ ਹੀ ਮੁਸਲਮਾਨ। ਚਿਰਾਗ ਹੱਥ ਦੀ ਬੁਰਕੀ ਵਿਚੇ ਛੱਡ ਕੇ ਹੇਠਾਂ ਆ ਗਿਆ। ਉਸਦੀ ਬੀਵੀ ਜ਼ੁਬੈਦਾ ਅਤੇ ਲੜਕੀਆਂ, ਕਿਸ਼ਵਰ ਤੇ ਸੁਲਤਾਨਾ, ਖਿੜਕੀਆਂ ਵਿਚੋਂ ਹੇਠਾਂ ਝਾਕਣ ਲਗ ਪਈਆਂ। ਚਿਰਾਗ ਨੇ ਕਦਮ ਡਿਉੜੀ ਤੋਂ ਬਾਹਰ ਰੱਖਿਆ ਹੀ ਸੀ ਕਿ ਪਹਿਲਵਾਨ ਨੇ ਉਸਨੂੰ ਕਾਲਰ ਤੋਂ ਫੜ ਕੇ ਖਿੱਚ ਲਿਆ ਅਤੇ ਗਲੀ ਵਿਚ ਸੁੱਟ ਕੇ ਉਸਦੀ ਛਾਤੀ ਤੇ ਚੜ੍ਹ ਬੈਠਿਆ। ਚਿਰਾਗ ਉਸਦਾ ਛੁਰੇ ਵਾਲਾ ਹੱਥ ਫੜ ਕੇ ਚਿਲਾਇਆ "ਪਹਿਲਵਾਨ ਮੈਨੂੰ ਨਾ ਮਾਰ! ਹਾਇ ਕੋਈ ਮੈਨੂੰ ਬਚਾਉ।" ਉਪਰੋਂ ਜ਼ੁਬੈਦਾ, ਕਿਸ਼ਵਰ ਤੇ ਸੁਲਤਾਨਾ ਵੀ ਚੀਕਾਂ

ਮਾਰਦੀਆਂ ਹੋਈਆਂ ਹੇਠਾਂ ਡਿਉੜੀ ਵਲ ਦੌੜੀਆਂ। ਰੱਖੇ ਦੇ ਇਕ ਸ਼ਗਿਰਦ ਨੇ ਚਿਰਾਗ ਦੀਆਂ ਜੱਦੋ ਜਹਿਦ ਕਰਦੀਆਂ ਬਾਹਾਂ ਨੂੰ ਜਕੜ ਲਿਆ। ਰੱਖਾ ਉਸਦੀਆਂ ਜੰਘਾਂ ਨੂੰ ਗੋਡਿਆਂ ਨਾਲ ਦਬਾਉਂਦਿਆਂ ਬੋਲਿਆ, "ਚੀਕਦਾ ਕਿਉਂ ਐ, ਭੈਣ ਦਿਆ......ਤੈਨੂੰ ਮੈਂ ਪਾਕਿਸਤਾਨ ਦਿੰਨਾਂ, ਲੈ ਪਾਕਿਸਤਾਨ !" ਤੇ ਜਦੋਂ ਤਕ ਜ਼ੁਬੈਦਾ, ਕਿਸ਼ਵਰ ਤੇ ਸੁਲਤਾਨਾ ਥਲੇ ਪਹੁੰਚੀਆਂ ਚਿਰਾਗ ਨੂੰ ਪਾਕਿਸਤਾਨ ਮਿਲ ਚੁੱਕਾ ਸੀ।

ਉਦੋਂ ਨੇੜੇ ਤੇੜੇ ਦੇ ਘਰਾਂ ਦੀਆਂ ਖਿੜਕੀਆਂ ਬੰਦ ਹੋ ਗਈਆਂ ਸਨ। ਇਸ ਘਟਨਾ ਦੇ ਗਵਾਹਾਂ ਨੇ ਦਰਵਾਜ਼ੇ ਬੰਦ ਕਰਕੇ ਆਪਣੇ ਆਪ ਨੂੰ ਇਸ ਘਟਨਾ ਦੀ ਜ਼ਿੰਮੇਂਵਾਰੀ ਤੋਂ ਮੁਕਤ ਕਰ ਲਿਆ ਸੀ। ਬੰਦ ਦਰਵਾਜ਼ਿਆਂ ਵਿਚੋਂ ਵੀ ਉਹਨਾਂ ਨੂੰ ਜ਼ੁਬੈਦਾ, ਕਿਸ਼ਵਰ ਤੇ ਸੁਲਤਾਨਾ ਦੀਆਂ ਚੀਕਾਂ ਸੁਣਾਈ ਦਿੰਦੀਆਂ ਰਹੀਆਂ। ਰੱਖੇ ਤੇ ਉਸਦੇ ਸਾਥੀਆਂ ਨੇ ਰਾਤ ਨੂੰ ਉਹਨਾਂ ਨੂੰ ਵੀ ਪਾਕਿਸਤਾਨ ਦੇ ਦਿਤਾ। ਪਰ ਹੋਰ ਰਸਤਿਉਂ। ਉਹਨਾਂ ਦੀਆਂ ਲਾਸ਼ਾਂ ਚਿਰਾਗ ਦੇ ਘਰੋਂ ਨਹੀਂ ਸਗੋਂ ਬਾਦ ਵਿਚ ਨਹਿਰ ਵਿਚੋਂ ਮਿਲੀਆਂ।

ਦੋ ਦਿਨ ਚਿਰਾਗ ਦੇ ਘਰ ਦੀ ਤਲਾਸ਼ੀ ਹੁੰਦੀ ਰਹੀ ਸੀ। ਜਦੋਂ ਸਾਰਾ ਸਮਾਨ ਲੁੱਟਿਆ ਜਾ ਚੁੱਕਿਆ ਸੀ ਤਾਂ ਪਤਾ ਨਹੀਂ ਕਿਸ ਨੇ ਘਰ ਨੂੰ ਅੱਗ ਲਾ ਦਿਤੀ ਸੀ। ਰੱਖੇ ਪਹਿਲਵਾਨ ਨੇ ਉਦੋਂ ਤੋਂ ਹੀ ਸਹੁੰ ਖਾਧੀ ਸੀ ਕਿ ਉਸ ਅੱਗ ਲਾਉਣ ਵਾਲੇ ਨੂੰ ਜਿਉਂਦਿਆਂ ਹੀ ਜ਼ਮੀਨ ਵਿਚ ਗੱਡ ਦੇਵੇਗਾ। ਕਿਉਂਕਿ ਉਸ ਮਕਾਨ ਤੇ ਨਜ਼ਰ ਹੋਣ ਕਰਕੇ ਹੀ ਉਸਨੇ ਚਿਰਾਗ ਨੂੰ ਮਾਰਨ ਦਾ ਨਿਸਚਾ ਕੀਤਾ ਸੀ। ਉਸਨੇ ਤਾਂ ਮਕਾਨ ਦੇ ਸ਼ੁੱਧੀਕਰਣ ਲਈ ਹਵਨ ਸਮੱਗਰੀ ਦਾ ਪ੍ਰਬੰਧ ਵੀ ਕਰ ਲਿਆ ਸੀ। ਪਰ ਅੱਗ ਲਾਉਣ ਵਾਲੇ ਦਾ ਉਦੋਂ ਤੋਂ ਹੁਣ ਤਕ ਕੋਈ ਪਤਾ ਨਹੀਂ ਸੀ ਲੱਗਾ। ਸਾਢੇ ਸੱਤ ਸਾਲ ਤੋਂ ਰੱਖਾ ਉਸ ਮਲਬੇ ਨੂੰ ਆਪਣੀ ਜਾਇਦਾਦ ਸਮਝਦਾ ਆ ਰਿਹਾ ਸੀ। ਇਥੇ ਉਹ ਨਾਂ ਕਿਸੇ ਨੂੰ ਗਾਂ ਮੱਝ ਬੰਨ੍ਹਣ ਦਿੰਦਾ ਸੀ ਤੇ ਨਾਂ ਹੀ ਕਿਸੇ ਨੂੰ ਛਾਬੜੀ ਲਾਉਣ ਦਿੰਦਾ ਸੀ। ਉਸਦੀ ਇਜਾਜ਼ਤ ਤੋਂ ਬਿਨਾਂ ਉਸ ਮਲਬੇ ਦੀ ਕਿਸੇ ਇੱਟ ਨੂੰ ਵੀ ਕੋਈ ਛੇੜ ਨਹੀਂ ਸੀ ਸਕਦਾ।

ਲੋਕਾਂ ਨੂੰ ਆਸ਼ਾ ਸੀ ਕਿ ਇਹ ਸਾਰੀ ਦੀ ਸਾਰੀ ਕਹਾਣੀ ਕਿਸੇ ਨਾਂ ਕਿਸੇ ਤਰ੍ਹਾਂ ਗਨੀ ਤਕ ਪਹੁੰਚ ਜਾਵੇਗੀ......ਜਿਵੇਂ ਮਲਬ ਨੂੰ ਦੇਖ ਕੇ ਹੀ ਉਸਨੂੰ ਸਾਰੀ ਘਟਨਾ ਦਾ ਪਤਾ ਲਗ ਜਾਣਾ ਸੀ। ਗਨੀ ਨਹੁੰਆਂ ਨਾਲ ਮਿੱਟੀ ਪੁੱਟ ਪੁੱਟ ਕੇ ਆਪਣੇ ਉੱਪਰ ਪਾ ਰਿਹਾ ਸੀ ਅਤੇ ਚੁਗਾਠ ਨੂੰ ਜੱਫੀ ਪਾ ਕੇ ਰੋ ਰਿਹਾ ਸੀ। "ਚਿਰਾਗਦੀਨਾ, ਬੋਲ ! ਬੋਲ ਤੂੰ ਕਿਥੇ ਚਲਾ ਗਿਆ ਓਇ ? ਕਿਸ਼ਵਰ ! ਸੁਲਤਾਨਾ ! ਹਾਇ ਮੇਰੇ ਬੱਚੇ ਓਇ ! ਗਨੀ ਨੂੰ ਪਿਛੇ ਕਿਉਂ ਛੱਡ ਗਏ ਓਇ !"

ਭੁਰਭੁਰੇ ਦਰਵਾਜ਼ੇ ਤੋਂ ਲੱਕੜੀ ਭੁਰਦੀ ਜਾ ਰਹੀ ਸੀ।

ਪਿੱਪਲ ਹੇਠ ਸੁੱਤੇ ਰੱਖੇ ਪਹਿਲਵਾਨ ਨੂੰ ਪਤਾ ਨਹੀਂ ਕਿਸ ਨੇ ਜਗਾ ਦਿਤਾ, ਜਾਂ ਸ਼ਾਇਦ ਉਹ ਆਪ ਹੀ ਜਾਗ ਪਿਆ ਸੀ। ਪਾਕਿਸਤਾਨ ਤੋਂ ਅਬਦੁਲ ਗਨੀ ਆਇਆ ਹੈ, ਇਸ ਗੱਲ ਦਾ ਪਤਾ ਲੱਗਣ ਤੇ ਕਿ ਹੁਣ ਉਹ ਆਪਣੇ ਮਕਾਨ ਦੇ ਮਲਬੇ ਤੇ ਬੈਠਾ ਹੈ, ਉਸਦੇ ਗਲ ਵਿਚ ਝੱਗ ਆ ਗਈ ਤੇ ਉਸਨੂੰ ਖੰਘ ਆ ਗਈ। ਉਸਨੇ ਖੂਹ ਦੇ ਫਰਸ਼ ਤੇ



ਥੁੱਕਿਆ। ਮਲਬੇ ਵਲ ਵੇਖ ਕੇ ਉਸਦੀ ਛਾਤੀ ਵਿਚੋਂ ਧੌਂਕਣੀ ਵਰਗੀ ਆਵਾਜ਼ ਆਈ ਤੇ ਉਸਦਾ ਹੇਠਲਾ ਬੁਲ੍ਹ ਬਾਹਰ ਵਲ ਲਟਕ ਗਿਆ।

ਉਸਦੇ ਸ਼ਾਗਿਰਦ ਲੱਛੇ ਪਹਿਲਵਾਨ ਨੇ ਆ ਕੇ ਬੈਠਦੇ ਹੋਏ ਦੱਸਿਆ, "ਗਨੀ ਆਪਣੇ ਮਲਬੇ ਤੇ ਬੈਠਾ ਹੈ।"

"ਉਸਦਾ ਕਿਹੜਾ ਮਲਬਾ ? ਮਲਬਾ ਤਾਂ ਸਾਡਾ ਹੈ !" ਪਹਿਲਵਾਨ ਨੇ ਘਬਰਾਈ ਆਵਾਜ਼ ਵਿਚ ਕਿਹਾ।

"ਪਰ ਉਹ ਤਾਂ ਉਥੇ ਬੈਠਾ ਹੈ," ਲੱਛੇ ਨੇ ਅੱਖਾਂ ਨਾਲ ਰਹੱਸਮਈ ਇਸ਼ਾਰਾ ਕਰਕੇ ਕਿਹਾ।

"ਬੈਠਾ ਹੈ ਤਾਂ ਬੈਠਾ ਰਹਿਣ ਦੇ। ਤੂੰ ਚਿਲਮ ਲਿਆ !" ਰੱਖੇ ਦੀਆਂ ਟੰਗਾਂ ਥੋੜ੍ਹੀਆਂ ਖੁਲ੍ਹ ਗਈਆਂ ਤੇ ਉਸਨੇ ਜੰਘਾਂ ਉੱਪਰ ਹੱਥ ਫੇਰਿਆ।

"ਜੇ ਗਨੌਰੀ ਨੇ ਉਸਨੂੰ ਕੁਝ ਦੱਸ ਦਿਤਾ ਹੋਇਆ ਤਾਂ......?" ਲੱਛੇ ਨੇ ਚਿਲਮ ਭਰਨ ਲਈ ਉਠਦਿਆਂ ਹੋਇਆਂ ਰਹੱਸਪੂਰਣ ਢੰਗ ਨਾਲ ਕਿਹਾ।

"ਗਨੌਰੀ ਦੀ ਸ਼ਾਮਤ ਆਈ ਐ ?"

ਲੱਛਾ ਚਲਿਆ ਗਿਆ।

ਖੂਹ ਤੇ ਪਿੱਪਲ ਦੇ ਪੁਰਾਣੇ ਪੱਤੇ ਖਿਲਰੇ ਪਏ ਸਨ। ਰੱਖਾ ਉਹਨਾਂ ਪੱਤਿਆਂ ਨੂੰ ਹੱਥਾਂ ਵਿਚ ਲੈ ਲੈ ਕੇ ਮਲਦਾ ਰਿਹਾ। ਜਦੋਂ ਲੱਛੇ ਨੇ ਚਿਲਮ ਥੱਲੇ ਕੱਪੜਾ ਲਾ ਕੇ ਉਸਦੇ ਹੱਥ ਫੜਾਈ ਤਾਂ ਉਹਨੇ ਸੂਟਾ ਲਾਉਂਦੇ ਹੋਇਆਂ ਪੁੱਛਿਆ, "ਕਿਸੇ ਹੋਰ ਦੀ ਤਾਂ ਗਨੀ ਨਾਲ ਗੱਲਬਾਤ ਨਹੀਂ ਹੋਈ ?"

"ਨਹੀਂ।"

"ਲੈ," ਤੇ ਉਸਨੇ ਖੰਘਦੇ ਹੋਇਆਂ ਚਿਲਮ ਲੱਛੇ ਨੂੰ ਫੜਾ ਦਿਤੀ। ਗਨੌਰੀ ਗਨੀ ਦੀ ਬਾਂਹ ਫੜੀ ਮਲਬੇ ਵਲੋਂ ਆ ਰਿਹਾ ਸੀ। ਲੱਛਾ ਉਕੜੂੰ ਹੋ ਕੇ ਚਿਲਮ ਦੇ ਲੰਬੇ ਲੰਬੇ ਸੂਟੇ ਲਾਉਣ ਲੱਗਿਆ। ਉਸਦੀਆਂ ਅੱਖਾਂ ਕਦੇ ਰੱਖੇ ਦੇ ਚਿਹਰੇ ਤੇ ਟਿਕਦੀਆਂ ਤ ਕਦੇ ਗਨੀ ਵਲ ਤੱਕਦੀਆਂ।

ਗਨੀ ਦੀ ਬਾਂਹ ਫੜੀ ਗਨੌਰੀ ਇਕ ਕਦਮ ਅਗਾਂਹ ਚਲ ਰਿਹਾ ਸੀ। ਜਿਉਂ ਉਸਦੀ ਇਹ ਕੋਸ਼ਿਸ਼ ਹੋਵੇ ਕਿ ਗਨੀ ਰੱਖੇ ਨੂੰ ਦੇਖੇ ਬਿਨਾਂ ਹੀ ਖੂਹ ਲਾਗਿਉਂ ਲੰਘ ਜਾਵੇ। ਪਰ ਰੱਖਾ ਜਿਵੇਂ ਪਸਰਿਆ ਬੈਠਾ ਸੀ, ਗਨੀ ਨੇ ਉਸਨੂੰ ਦੂਰੋਂ ਹੀ ਦੇਖ ਲਿਆ। ਖੂਹ ਦੇ ਕੋਲ ਪਹੁੰਚਦਿਆਂ ਹੀ ਉਸਦੀਆਂ ਦੋਨੋਂ ਬਾਹਾਂ ਫੈਲ ਗਈਆਂ ਤੇ ਉਸਨੇ ਕਿਹਾ, "ਰੱਖੇ ਪਹਿਲਵਾਨ !"

ਰੱਖੇ ਨੇ ਧੌਣ ਚੁੱਕ ਕੇ ਅੱਖਾਂ ਨੂੰ ਜ਼ਰਾ ਛੋਟੀਆਂ ਕਰਕੇ ਵੇਖਿਆ। ਉਹਦੇ ਗਲੇ ਵਿਚ ਅਸਪਸ਼ਟ ਜਿਹੀ ਆਵਾਜ਼ ਆਈ ਪਰ ਉਹ ਬੋਲਿਆ ਨਹੀਂ।

ਗਨੀ ਨੇ ਬਾਹਾਂ ਹੇਠਾਂ ਕਰ ਦਿਤੀਆਂ ਅਤੇ ਤੇ ਕਹਿਣ ਲੱਗਾ, "ਰੱਖੇ ਪਹਿਲਵਾਨ, ਮੈਨੂੰ ਨਹੀਂ ਪਹਿਚਾਣਿਆਂ ? ਮੈਂ ਗਨੀ ਆਂ, ਅਬਦੁਲ ਗਨੀ, ਚਿਰਾਗਦੀਨ ਦਾ ਪਿਓ।"

ਪਹਿਲਵਾਨ ਨੇ ਸਿਰ ਤੋਂ ਪੈਰਾਂ ਤਕ ਉਸਦਾ ਜਾਇਜ਼ਾ ਲਿਆ। ਉਸਨੂੰ ਦੇਖ ਕੇ ਅਬਦੁਲ ਗਨੀ ਦੀਆਂ ਅੱਖਾਂ ਵਿਚ ਚਮਕ ਆ ਗਈ। ਸਫੇਦ ਦਾੜ੍ਹੀ ਹੇਠ ਉਸਦੇ ਚਿਹਰੇ ਦੀਆਂ ਝੁਰੜੀਆਂ ਵੀ ਫੈਲ ਗਈਆਂ ਸਨ। ਰੱਖੇ ਦਾ ਹੇਠਲਾ ਬੁਲ੍ਹ ਫਰਕਿਆ। ਫਿਰ ਉਸਦੇ ਸੀਨੇ 'ਚੋਂ ਭਾਰੀ ਜਿਹੀ ਆਵਾਜ਼ ਨਿਕਲੀ, "ਸੁਣਾ ਬਈ ਗਨੀਆਂ !"

ਗਨੀ ਦੀਆਂ ਬਾਹਾਂ ਫਿਰ ਖੁਲ੍ਹਣ ਨੂੰ ਹੋਈਆਂ, ਪਰ ਪਹਿਲਵਾਨ ਵਲੋਂ ਕੋਈ ਪ੍ਰਤਿਕ੍ਰਿਆ ਨਾ ਦੇਖ ਕੇ ਉਥੇ ਦੀਆਂ ਉਥੇ ਰਹਿ ਗਈਆਂ। ਉਹ ਪਿੱਪਲ ਦਾ ਸਹਾਰਾ ਲੈ ਕੇ ਖੂਹ ਦੀ ਮੌਣ ਤੇ ਬੈਠ ਗਿਆ।

ਖਿੜਕੀਆਂ ਵਿਚ ਕਾਨਾਫੂਸੀ ਹੋਰ ਤੇਜ਼ ਹੋ ਗਈ ਕਿ ਹੁਣ ਦੋਨੋਂ ਆਹਮੋ ਸਾਹਮਣੇ ਆ ਗਏ ਹਨ, ਹੁਣ ਤਾਂ ਗੱਲ ਜ਼ਰੂਰ ਖੁੱਲ੍ਹੇਗੀ।......ਹੋ ਸਕਦਾ ਹੈ ਕਿ ਦੋਨਾਂ ਵਿਚ ਗਾਲੀ ਗਲੋਚ ਵੀ ਹੋਵੇ।......ਹੁਣ ਰੱਖਾ ਗਨੀ ਨੂੰ ਹੱਥ ਨਹੀਂ ਲਾ ਸਕਦਾ। ਹੁਣ ਉਹ ਦਿਨ ਨਹੀਂ ਰਹੇ।......ਬੜਾ ਮਲਬੇ ਦਾ ਮਾਲਕ ਬਣਿਆ ਫਿਰਦਾ ਸੀ !......ਅਸਲ ਵਿਚ ਮਲਬਾ ਨਾ ਇਹਦਾ ਹੈ ਨਾਂ ਗਨੀ ਦਾ। ਮਲਬਾ ਤਾਂ ਸਰਕਾਰ ਦੀ ਮਲਕੀਅਤ ਹੈ ! ਮਰਦੂਦ ਕਿਸੇ ਨੂੰ ਗਾਂ ਦਾ ਕਿੱਲਾ ਤਕ ਨਹੀਂ ਗੱਡਣ ਦਿੰਦਾ।......ਗਨੌਰੀ ਵੀ ਡਰਪੋਕ ਹੈ। ਇਸ ਨੇ ਗਨੀ ਨੂੰ ਦੱਸਿਆ ਕਿਉਂ ਨਹੀਂ ਕਿ ਰੱਖੇ ਨੇ ਹੀ ਚਿਰਾਗ ਤੇ ਉਸਦੇ ਬੀਵੀ ਬੱਚਿਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ।......ਰੱਖਾ ਤਾਂ ਆਦਮੀ ਨਹੀਂ ਸਾਨ੍ਹ ਹੈ ! ਸਾਰਾ ਦਿਨ ਸਾਨ੍ਹ ਵਾਂਗੂ ਗਲੀ ਵਿਚ ਘੁੰਮਦਾ ਹੈ !......ਗਨੀ ਬੇਚਾਰਾ ਕਿੰਨਾ ਮਾੜਾ ਹੋ ਗਿਆ ਹੈ ? ਦਾੜ੍ਹੀ ਦੇ ਸਾਰੇ ਵਾਲ ਸਫੇਦ ਹੋ ਗਏ ਹਨ।

ਗਨੀ ਨੇ ਖੂਹ ਦੀ ਮੌਣ ਤੇ ਬੈਠ ਕੇ ਕਿਹਾ, "ਰੱਖੇ ਪਹਿਲਵਾਨ ਦੇਖ ਕੀ ਦਾ ਕੀ ਹੋ ਗਿਆ ! ਭਰਿਆ ਭਰਾਇਆ ਘਰ ਛਡ ਕੇ ਗਿਆ ਸੀ ਤੇ ਅੱਜ ਇਥੇ ਮਿੱਟੀ ਦੇਖਣ ਆਇਆਂ ਵੱਸੇ ਹੋਏ ਘਰ ਦੀ ਇਹੋ ਨਿਸ਼ਾਨੀ ਰਹਿ ਗਈ ਹੈ ! ਸੱਚ ਪੁੱਛੋਂ ਤਾਂ ਮੇਰਾ ਇਹ ਮਿੱਟੀ ਛੱਡ ਕੇ ਵੀ ਜਾਣ ਨੂੰ ਵੀ ਚਿੱਤ ਨਹੀਂ ਕਰਦਾ !" ਕਹਿੰਦਿਆਂ ਉਸਦੀਆਂ ਅੱਖਾਂ ਭਰ ਆਈਆਂ।

ਪਹਿਲਵਾਨ ਨੇ ਲੱਤਾਂ ਕੱਠੀਆਂ ਕਰ ਲਈਆਂ। ਖੂਹ ਦੀ ਮੌਣ ਤੋਂ ਪਰਨਾ ਚੁੱਕ ਕੇ ਮੋਢੇ ਤੇ ਰੱਖ ਲਿਆ। ਲੱਛੇ ਨੇ ਚਿਲਮ ਉਹਦੇ ਵਲ ਕਰ ਦਿਤੀ। ਉਹ ਸੂਟੇ ਖਿੱਚਣ ਲੱਗਾ।

"ਤੂੰ ਹੀ ਦੱਸ ਰੱਖਿਆ, ਇਹ ਸਭ ਕੁਝ ਕਿਵੇਂ ਹੋ ਗਿਆ ?" ਗਨੀ ਨੇ ਜਿਵੇਂ ਕਿਵੇਂ ਆਪਣੇ ਅੱਥਰੂ ਰੋਕਦਿਆਂ ਪੁੱਛਿਆ, "ਤੁਸੀਂ ਲੋਕ ਉਸ ਦੇ ਕੋਲ ਸਉ। ਸਾਰਿਆਂ ਵਿਚ ਭਰਾਵਾਂ ਵਾਲਾ ਪਿਆਰ ਸੀ। ਜੇ ਉਹ ਚਾਹੁੰਦਾ ਤਾਂ ਉਹ ਤੁਹਾਡੇ ਵਿਚੋਂ ਕਿਸੇ ਦੇ ਘਰ ਛਿਪ ਨਹੀਂ ਸੀ ਸਕਦਾ ? ਉਸਨੂੰ ਇਨੀ ਵੀ ਸਮਝ ਨਹੀਂ ਸੀ ?"

"ਇਉਂ ਈ ਹੈ," ਰੱਖੇ ਨੂੰ ਖੁਦ ਨੂੰ ਮਹਿਸੂਸ ਹੋਇਆ ਕਿ ਉਸਦੀ ਆਵਾਜ਼ ਵਿਚ ਇਕ ਅਸੁਭਾਵਕਤਾ ਹੈ। ਉਸਦੇ ਬੁਲ੍ਹ ਗਾੜ੍ਹੀ ਜਿਹੀ ਲਾਲ ਨਾਲ ਜੁੜ ਗਏ ਸਨ। ਮੁੱਛਾਂ ਹੇਠੋਂ ਵਗ ਕੇ ਪਸੀਨਾਂ ਉਸਦੇ ਬੁਲ੍ਹਾਂ ਤਕ ਆ ਗਿਆ ਸੀ। ਉਸਦੇ ਮੱਥੇ ਤੇ ਕੋਈ ਭਾਰ



ਮਹਿਸੂਸ ਹੋ ਰਿਹਾ ਸੀ ਅਤੇ ਉਸਦੀ ਰੀੜ੍ਹ ਦੀ ਹੱਡੀ ਬੇਜਾਨ ਹੋ ਕੇ ਸਹਾਰਾ ਮੰਗ ਰਹੀ ਸੀ।

ਉਸਨੇ ਪੁੱਛਿਆ, "ਪਾਕਿਸਤਾਨ ਵਿਚ ਤੁਹਾਡਾ ਕੀ ਹਾਲ ਹੈ ?" ਉਸਦੇ ਗਲ ਦੀਆਂ ਨਾੜਾਂ ਕੱਸੀਆਂ ਗਈਆਂ ਸਨ। ਪਰਨੇ ਨਾਲ ਉਸਨੇ ਕੱਛਾਂ ਦਾ ਪਸੀਨਾ ਪੂੰਝਿਆ ਅਤੇ ਮੂੰਹ ਦੀ ਝੱਗ ਨੂੰ ਗਲੀ ਵਿਚ ਥੁੱਕ ਦਿਤਾ।

"ਕੀ ਹਾਲ ਦੱਸਾਂ ਰੱਖਿਆ," ਗਨੀ ਨੇ ਦੋਨਾਂ ਹੱਥਾਂ ਨਾਲ ਸੋਟੀ ਉਤੇ ਭਾਰ ਪਾਉਂਦਿਆਂ ਝਕਦੇ ਹੋਏ ਕਿਹਾ," "ਮੇਰਾ ਹਾਲ ਤਾਂ ਖੁਦਾ ਹੀ ਜਾਣਦਾ। ਜੇ ਮੇਰੇ ਨਾਲ ਚਿਰਾਗ ਹੁੰਦਾ ਤਾਂ ਹੋਰ ਗੱਲ ਸੀ।......ਮੈਂ ਉਸਨੂੰ ਬਥੇਰਾ ਸਮਝਾਇਆ ਸੀ ਕਿ ਮੇਰੇ ਨਾਲ ਚਲੇ ਚੱਲ। ਪਰ ਉਹ ਤਾਂ ਜਿਦ ਤੇ ਅੜ ਗਿਆ ਅਖੇ ਨਵਾਂ ਮਕਾਨ ਛੱਡ ਕੇ ਨਹੀਂ ਜਾਵਾਂਗਾ। ਇਹ ਤਾਂ ਆਪਣੀ ਗਲੀ ਹੈ, ਇਥੇ ਕੋਈ ਖਤਰਾ ਨਹੀਂ। ਭੋਲਿਆ ਕਬੂਤਰਾ, ਇਹ ਨਹੀਂ ਸੋਚਿਆ ਕਿ ਗਲੀ ਵਿਚ ਖਤਰਾ ਨਾ ਸਹੀ, ਪਰ ਬਾਹਰੋਂ ਤਾਂ ਖਤਰਾ ਹੋ ਸਕਦਾ ਹੈ। ਮਕਾਨ ਨੂੰ ਬਚਾਉਣ ਲਈ ਚਾਰਾਂ ਜਣਿਆਂ ਨੇ ਆਪਣੀ ਜਾਨ ਦੇ ਦਿਤੀ। ਤੇਰਾ ਬਹੁਤ ਭਰੋਸਾ ਸੀ ਰੱਖਿਆ ਉਸਨੂੰ। ਕਹਿੰਦਾ ਸੀ ਰੱਖੇ ਦੇ ਹੁੰਦਿਆਂ ਕੋਈ ਮੇਰੀ ਵਾ ਵੱਲ ਵੀ ਨਹੀਂ ਤਕ ਸਕਦਾ। ਪਰ ਜਦੋਂ ਮੌਤ ਆਈ ਤਾਂ ਰੱਖੇ ਦੇ ਰੋਕਿਆਂ ਵੀ ਨਹੀਂ ਰੁਕੀ।"

ਰੱਖੇ ਨੇ ਸਿੱਧਾ ਹੋਣ ਦੀ ਕੋਸ਼ਿਸ਼ ਕੀਤੀ ਕਿਉਂਕਿ ਉਸਦੀ ਰੀੜ੍ਹ ਦੀ ਹੱਡੀ ਬਹੁਤ ਦਰਦ ਕਰ ਰਹੀ ਸੀ। ਉਸਨੂੰ ਆਪਣੀ ਪਿੱਠ ਤੇ ਜੰਘਾਂ ਦੇ ਜੋੜ ਤੇ ਹੱਦੋਂ ਵੱਧ ਭਾਰ ਮਹਿ-ਸੂਸ ਹੋ ਰਿਹਾ ਸੀ। ਢਿੱਡ ਦੀਆਂ ਆਂਤੜੀਆਂ ਦੇ ਨੇੜੇ ਜਿਵੇਂ ਕੋਈ ਚੀਜ਼ ਉਸਦਾ ਸਾਹ ਰੋਕ ਰਹੀ ਸੀ। ਉਸਦਾ ਸਾਰਾ ਸਰੀਰ ਮੁੜ੍ਹਕੋ ਮੁੜ੍ਹਕੀ ਹੋਇਆ ਪਿਆ ਸੀ ਤੇ ਉਸਦੀਆਂ ਪੈਰਾਂ ਦੀਆਂ ਤਲੀਆਂ ਵਿਚੋਂ ਸੇਕ ਨਿਕਲ ਰਿਹਾ ਸੀ। ਉਹਦੀਆਂ ਅੱਖਾਂ ਸਾਹਵੇਂ ਨੀਲੇ ਭੰਬੂ ਤਾਰੇ ਉਪਰੋਂ ਥੱਲੇ ਨੂੰ ਆ ਰਹੇ ਸਨ। ਉਸਨੂੰ ਆਪਣੀ ਜੀਭ ਤੇ ਬੁੱਲ੍ਹਾਂ ਵਿਚਕਾਰ ਇਕ ਫਾਸਲਾ ਮਹਿਸੂਸ ਹੋ ਰਿਹਾ ਸੀ। ਉਸਨੇ ਪਰਨੇ ਨਾਲ ਬੁੱਲ੍ਹਾਂ ਦੇ ਕੋਨਿਆਂ ਨੂੰ ਸਾਫ ਕੀਤਾ। ਨਾਲ ਹੀ ਉਸਦੇ ਮੂੰਹੋਂ ਨਿਕਲਿਆ, "ਹੇ ਪ੍ਰਭੂ, ਤੂੰ ਹੀ ਹੈਂ, ਤੂੰ ਹੀ ਹੈਂ, ਤੂੰ ਹੀ ਹੈਂ !"

ਗਨੀ ਨੇ ਦੇਖਿਆ ਕਿ ਪਹਿਲਵਾਨ ਦੇ ਬੁੱਲ੍ਹ ਸੁੱਕ ਰਹੇ ਸਨ ਤੇ ਉਸਦੀਆਂ ਅੱਖਾਂ ਦੁਆਲੇ ਘੇਰੇ ਹੋਰ ਡੂੰਘੇ ਹੋ ਗਏ ਹਨ। ਉਹ ਉਸਦੇ ਮੋਢਿਆਂ ਤੇ ਹੱਥ ਰਖਦਿਆਂ ਬੋਲਿਆ, "ਜੋ ਹੋਣਾ ਸੀ ਉਹ ਤਾਂ ਹੋ ਗਿਆ ਰੱਖਿਆ, ਹੁਣ ਉਸਨੂੰ ਕੋਈ ਮੋੜ ਕੇ ਤਾਂ ਲਿਆ ਨਹੀਂ ਸਕਦਾ। ਖੁਦਾ ਨੇਕ ਦੀ ਨੇਕੀ ਬਣਾਈ ਰੱਖੇ ਅਤੇ ਬਦ ਦੀ ਬਦੀ ਨੂੰ ਮਾਫ਼ ਕਰੇ ! ਮੈਂ ਆ ਕੇ ਤੁਹਾਨੂੰ ਦੇਖ ਲਿਆ, ਹੁਣ ਮੈਂ ਸਮਝਾਂਗਾ ਮੈਂ ਆਪਣੇ ਚਿਰਾਗ ਨੂੰ ਦੇਖ ਲਿਆ। ਅੱਲਾ ਤੁਹਾਨੂੰ ਤੰਦਰੁਸਤੀ ਬਖਸ਼ੇ। 'ਤੇ ਉਹ ਸੋਟੀ ਦੇ ਸਹਾਰੇ ਉਠਕੇ ਖੜਾ ਹੋ ਗਿਆ। ਚਲਦਿਆਂ ਹੋਇਆਂ ਉਸਨੇ ਕਿਹਾ, "ਚੰਗਾ ਬਈ ਰੱਖਿਆ ਪਹਿਲਵਾਨਾ !"

ਰੱਖੇ ਦੇ ਗਲ ਵਿਚੋਂ ਮੱਧਮ ਜਿਹੀ ਆਵਾਜ਼ ਨਿਕਲੀ। ਪਰਨਾ ਫੜਿਆ ਹੋਇਆਂ ਉਸਦੇ ਦੋਨੋਂ ਹੱਥ ਜੁੜ ਗਏ। ਹਸਰਤ ਭਰੀਆਂ ਨਜ਼ਰਾਂ ਨਾਲ ਆਲੇ ਦੁਆਲੇ ਦੇਖਦਾ ਹੋਇਆ ਗਨੀ ਹੌਲੀ ਹੌਲੀ ਗਲੀ ਦੇ ਬਾਹਰ ਹੋ ਗਿਆ।

ਖਿੜਕੀਆਂ ਵਿਚ ਥੋੜ੍ਹੀ ਦੇਰ ਫਿਰ ਕਾਨਾਫੂਸੀ ਹੋਈ ਕਿ ਗਨੌਰੀ ਨੇ ਗਲੀ ਵਿਚੋਂ

ਨਿਕਲ ਕੇ ਗਨੀ ਨੂੰ ਜ਼ਰੂਰ ਸਭ ਕੁਝ ਦੱਸ ਦਿਤਾ ਹੋਵੇਗਾ।......ਕਿ ਗਨੀ ਦੇ ਸਾਹਮਣੇ ਰੱਖੇ ਦਾ ਤਾਲੂਆ ਕਿਵੇਂ ਖੁਸ਼ਕ ਹੋ ਗਿਆ ਸੀ!......ਰੱਖਾ ਹੁਣ ਕਿਸ ਮੂੰਹ ਨਾਲ ਮਲਬੇ ਤੇ ਲੋਕਾਂ ਨੂੰ ਗਾਈਆਂ ਬੰਨ੍ਹਣ ਤੋਂ ਰੋਕੇਗਾ? ਵਿਚਾਰੀ ਜ਼ੁਬੈਦਾ! ਕਿੰਨੀ ਚੰਗੀ ਹੁੰਦੀ ਸੀ! ਰੱਖੇ ਮਰਦੂਦ ਦਾ ਨਾ ਘਰ ਨਾ ਘਾਟ, ਇਸਨੂੰ ਕਿਸੇ ਦੀ ਮਾਂ ਭੈਣ ਦਾ ਲਿਹਾਜ ਸੀ ਕਿਤੇ?

ਥੋੜ੍ਹੀ ਦੇਰ ਬਾਦ ਔਰਤਾਂ ਘਰਾਂ 'ਚੋਂ ਬਾਹਰ ਗਲੀ ਵਿਚ ਆ ਗਈਆਂ। ਬੱਚੇ ਗਲੀ ਵਿਚ ਗੁੱਲੀ ਡੰਡਾ ਖੇਲ੍ਹਣ ਲਗ ਪਏ। ਬਾਰਾਂ ਤੇਰਾਂ ਸਾਲ ਦੀਆਂ ਦੋ ਕੁੜੀਆਂ ਕਿਸੇ ਗੱਲੋਂ ਗੁੱਥਮ ਗੁੱਥਾ ਹੋ ਪਈਆਂ।

ਦੇਰ ਸ਼ਾਮ ਤਕ ਰੱਖਾ ਖੂਹ ਤੇ ਬੈਠਾ ਖੰਘਦਾ ਤੇ ਚਿਲਮ ਫੂਕਦਾ ਰਿਹਾ। ਕੋਲੋਂ ਲੰਘਦਿਆਂ ਕਈ ਲੋਕਾਂ ਨੇ ਪੁੱਛਿਆ, "ਰੱਖੇ ਸ਼ਾਹ, ਸੁਣਿਆ ਹੈ ਅੱਜ ਪਾਕਿਸਤਾਨੋਂ ਗਨੀ ਆਇਆ ਸੀ?"

"ਹਾਂ ਆਇਆ ਤਾਂ ਸੀ," ਰੱਖੇ ਨੇ ਹਰ ਵਾਰ ਇਹੀ ਜਵਾਬ ਦਿਤਾ।

"ਫਿਰ?"

"ਫਿਰ ਕੁਝ ਨਹੀਂ। ਚਲਾ ਗਿਆ।"

ਰੋਜ਼ ਵਾਂਗ ਰਾਤ ਹੋਣ ਤੇ ਰੱਖਾ ਗਲੀ ਦੇ ਬਾਹਰ ਖੱਬੇ ਪਾਸੇ ਦੁਕਾਨ ਦੇ ਤਖਤੇ ਤੇ ਆ ਬੈਠਾ। ਉਹ ਰੋਜ਼ ਕੋਲੋਂ ਲੰਘਣ ਵਾਲੇ ਜਾਣ ਪਹਿਚਾਣ ਦੇ ਲੋਕਾਂ ਨੂੰ ਆਵਾਜ਼ਾਂ ਦੇ ਦੇ ਕੇ ਕੋਲ ਬੁਲਾ ਲੈਂਦਾ ਅਤੇ ਉਹਨਾਂ ਨੂੰ ਸੱਟੇ ਦੇ ਗੁਰ ਤੇ ਸਿਹਤ ਦੇ ਨੁਸਖੇ ਦੱਸਦਾ ਰਹਿੰਦਾ। ਪਰ ਉਸ ਦਿਨ ਉਹ ਲੱਛੇ ਨੂੰ ਪੰਦਰਾਂ ਸਾਲ ਪਹਿਲਾਂ ਕੀਤੀ ਆਪਣੀ ਵੈਸ਼ਨੋ ਦੇਵੀ ਦੀ ਯਾਤਰਾ ਦਾ ਹਾਲ ਸੁਣਾਉਂਦਾ ਰਿਹਾ। ਲੱਛੇ ਨੂੰ ਤੋਰ ਕੇ ਜਦੋਂ ਉਹ ਗਲੀ ਵਿਚ ਆਇਆ ਤਾਂ ਮਲਬੇ ਦੇ ਕੋਲ ਲੋਕੂ ਪੰਡਿਤ ਦੀ ਮੱਝ ਨੂੰ ਵੇਖ ਕੇ ਆਦਤ ਅਨੁਸਾਰ ਧੱਕੇ ਮਾਰ ਮਾਰ ਹਟਾਉਣ ਲੱਗਾ।

—"ਤਤ-ਤਤ-ਤਤ......ਤਤ-ਤਤ......!"

ਮੱਝ ਨੂੰ ਹਟਾ ਕੇ, ਸੁਸਤਾਨ ਲਈ ਉਹ ਮਲਬੇ ਦੀ ਚੌਖਟ ਤੇ ਬੈਠ ਗਿਆ। ਉਸ ਸਮੇਂ ਗਲੀ ਸੁੰਨਸਾਨ ਪਈ ਸੀ। ਮਲਬੇ ਹੇਠ ਨਾਲੀ ਦਾ ਪਾਣੀ ਹਲਕੀ ਜਿਹੀ ਆਵਾਜ਼ ਪੈਦਾ ਕਰਦਾ ਵਗ ਰਿਹਾ ਸੀ। ਮਲਬੇ ਦੀ ਮਿੱਟੀ ਵਿਚੋਂ ਮਿੰਨੀਆਂ ਮਿੰਨੀਆਂ ਆਵਾਜ਼ਾਂ ਰਾਤ ਦੀ ਚੁੱਪ ਨੂੰ ਤੋੜ ਰਹੀਆਂ ਸਨ।......ਚਿਊ-ਚਿਊ-ਚਿਊ......ਚਿਕ-ਚਿਕ-ਚਿਕ...... ਕਿਰਟਰ-ਰਰਰ—ਰੀਰੀਰੀ—ਚਿਰਰਰਰ......। ਪਤਾ ਨਹੀਂ ਕਿਧਰੋਂ ਇਕ ਭਟਕਿਆ ਹੋਇਆ ਕਾਂ ਉਡਕੇ ਚੌਗਾਠ ਉਪਰ ਆ ਬੈਠਾ ਜਿਸ ਨਾਲ ਕਈ ਛਿਲਤਰਾਂ ਇਧਰ ਉਧਰ ਜਾ ਡਿਗੀਆਂ। ਕਾਂ ਦੇ ਚੌਗਾਠ ਤੇ ਬਹਿੰਦਿਆਂ ਹੀ ਮਲਬੇ ਦੇ ਇਕ ਕੋਣੇ ਵਿਚ ਲੇਟਿਆ ਹੋਇਆ ਕੁੱਤਾ ਗੁੱਰਾ ਉੱਠਿਆ ਅਤੇ ਜ਼ੋਰ ਜ਼ੋਰ ਨਾਲ ਭੌਂਕਣ ਲੱਗਾ—ਬਉ-ਅਉ-ਬਉ। ਕਾਂ ਥੋੜ੍ਹੀ ਦੇਰ ਤਾਂ ਸਹਿਮਿਆ ਹੋਇਆ ਚੁਗਾਠ ਤੇ ਬੈਠਾ ਰਿਹਾ, ਫਿਰ ਖੰਭ ਫੜਫੜਾਉਂਦਾ ਖੂਹ ਵਾਲੇ ਪਿੱਪਲ ਉਪਰ ਜਾ ਬੈਠਾ। ਕਾਂ ਦੇ ਉਡ ਜਾਣ ਤੋਂ ਬਾਦ ਕੁੱਤਾ ਹੋਰ ਹੇਠਾਂ ਆ



ਗਿਆ ਤੇ ਪਹਿਲਵਾਨ ਵਲ ਨੂੰ ਮੂੰਹ ਕਰਕੇ ਭੌਂਕਣ ਲੱਗ ਪਿਆ। ਉਸਨੂੰ ਹਟਾਉਣ ਲਈ ਪਹਿਲਵਾਨ ਨੇ ਭਾਰੀ ਆਵਾਜ਼ ਵਿਚ ਕੁੱਤੇ ਨੂੰ ਦੁਰਕਾਰਿਆ, "ਦੁਰ-ਦੁਰ-ਦੁਰ...ਦੁਰੇ!" ਪਰ ਕੁੱਤਾ ਨੇੜੇ ਆ ਕੇ ਭੌਂਕਣ ਲੱਗਾ—ਬਉ-ਅਉ-ਬਉ—ਬਉ-ਬਉ-ਬਉ......।

ਪਹਿਲਵਾਨ ਨੇ ਮਿੱਟੀ ਦਾ ਢੇਲਾ ਚੁੱਕ ਕੇ ਵਗਾਹ ਮਾਰਿਆ। ਕੁੱਤਾ ਥੋੜ੍ਹਾ ਪਿਛਾਂਹ ਹਟ ਗਿਆ, ਪਰ ਉਸਦਾ ਭੌਂਕਣਾ ਬੰਦ ਨਹੀਂ ਹੋਇਆ। ਪਹਿਲਵਾਨ ਕੁੱਤੇ ਨੂੰ ਮਾਂ ਦੀ ਗਾਲੀ ਦੇ ਕੇ ਉੱਠ ਪਿਆ ਅਤੇ ਹੌਲੀ ਹੌਲੀ ਜਾ ਕੇ ਖੂਹ ਦੀ ਸਿਲ ਉਪਰ ਲੇਟ ਗਿਆ। ਉਸਦੇ ਉਥੋਂ ਜਾਂਦਿਆਂ ਹੀ ਕੁੱਤਾ ਗਲੀ ਵਿਚ ਆ ਗਿਆ ਅਤੇ ਖੂਹ ਵਲ ਮੂੰਹ ਕਰਕੇ ਭੌਂਕਣ ਲੱਗਾ। ਕਾਫੀ ਦੇਰ ਭੌਂਕਣ ਤੋਂ ਬਾਦ ਜਦੋਂ ਉਸਨੂੰ ਗਲੀ ਵਿਚ ਕੋਈ ਵੀ ਜੀਅ ਚਲਦਾ ਫਿਰਦਾ ਨਜ਼ਰ ਨਹੀਂ ਆਇਆ ਤਾਂ ਉਸਨੇ ਇਕ ਵਾਰ ਕੰਨ ਝਟਕੇ ਤੇ ਮਲਬੇ ਉਤੇ ਵਾਪਿਸ ਆ ਗਿਆ। ਉਥੇ ਕੋਨੇ 'ਚ ਬੈਠਾ ਗੁੱਰਾਉਣ ਲੱਗਾ।

(ਅਨੁਵਾਦ : ਗੁਰਬਚਨ)

○

## ਗ਼ਜ਼ਲ/ਮਹਿਮਾ ਸਿੰਘ

ਗੀਤ ਗਾਵੋ ਗੀਤ ਗਾਵਣ ਦਾ ਕਿਸੇ ਨੂੰ ਵਰ ਦਿਓ
ਆਦਮੀ ਦੀ ਜ਼ਿੰਦਗੀ ਨੂੰ ਜੀਣ ਜੋਗੀ ਕਰ ਦਿਓ

ਰੰਗ ਹੁੰਦਾ ਢੰਗ ਹੁੰਦਾ ਹਰ ਕਿਸੇ ਦਾ ਆਪਣਾ
ਹਰ ਕਿਸੇ ਨੂੰ ਜੀਣ ਜੋਗਾ ਬਣਨ ਦਾ ਅਵਸਰ ਦਿਓ

ਘੁਲ ਗਿਆ ਬਾਰੂਦ ਕੋਈ ਆਦਮੀ ਦੀ ਰੱਤ ਵਿਚ
ਭਟਕਣਾਂ ਵਿਚ ਡੁੱਬਿਆਂ ਨੂੰ ਹੋਸ਼ ਦੇ ਸਾਗਰ ਦਿਓ

ਆਦਮੀ ਦਾ ਮੁਸ਼ਕਲਾਂ ਵਿਚ ਭਾਰ ਵੰਡ ਦੋਸਤੋ
ਬਰਕਤਾਂ ਦੇ ਨਾਲ ਝੋਲੀ ਲੋਕਤਾ ਦੀ ਭਰ ਦਿਓ

ਕਰ ਲਵੋ ਪਹਿਚਾਣ ਪਹਿਲਾਂ ਠੀਕ ਸੱਚੇ ਮੀਤ ਦੀ
ਮੀਤ ਮੰਗੇ ਸੀਸ ਤਾਂ ਫਿਰ ਸੀਸ ਅਗੇ ਧਰ ਦਿਓ

ਹਰ ਘੜੀ ਤੇ ਹਰ ਸਮੇਂ ਦੇ ਬਣ ਸਕੋਂ ਜੇ ਸਾਖਸ਼ੀ
ਫਿਰ ਮਨਾਂ ਤੋਂ ਦੂਰ ਭਾਵੇਂ ਫਿਕਰ ਸਾਰੇ ਕਰ ਦਿਓ

○

ਪਾਕਿਸਤਾਨੀ ਕਹਾਣੀ

## ਰਾਵੀ ਦਾ ਪੁਲ

ਨਜ਼ਰ-ਫ਼ਾਤਮਾ, ਐਮ. ਏ., ਬੀ. ਟੀ.

ਨੌਜਵਾਨੀ ਵਿਚ ਸਾਰਿਆਂ ਉਤੇ ਅਜਿਹੇ ਦਿਨ ਆਉਂਦੇ ਨੇ ਜਦੋਂ ਦਿਲ ਨੇਕੀਆਂ ਕਰਨ ਲਈ ਤੜਫ਼ਨ ਲੱਗ ਪੈਂਦਾ ਏ। ਜਦੋਂ ਆਪਣੀਆਂ ਤੇ ਆਪਣੇ ਆਲੇ-ਦੁਆਲੇ-ਖਿਲਰੀਆਂ ਹੋਈਆਂ ਬੁਰਾਈਆਂ ਤੋਂ ਤੰਗ ਆ ਕੇ, ਜੀਅ ਕਰਦਾ ਏ ਕਿਸੇ ਅਜਿਹੇ ਥਾਂ ਜਾਂ ਵਸੀਏ ਜਿੱਥੇ ਸਕੂਨ, ਸ਼ਰਾਫ਼ਤ ਤੇ ਸਾਦਗੀ ਹੋਵੇ।

ਏਹੋ ਮੂਡ ਫ਼ਰਮੀ ਉਤੇ ਆਪਣੇ ਗੁਲਬਰਗ ਦੇ ਬੰਗਲੇ ਵਿਚ ਬੈਠਿਆਂ ਆ ਗਈ ਸੀ। ਇਹ ਲੰਮੀਆਂ ਛੁੱਟੀਆਂ ਵੀ ਮੁਜੀਬਤ ਹੁੰਦੀਆਂ ਨੇ। ਮਰੀ ਗਈ ਸੀ, ਓਥੇ ਬਾਰਸ਼ਾਂ ਤੋਂ ਤੰਗ ਆ ਕੇ ਲਾਹੌਰ ਵਾਪਸ ਆ ਗਈ। ਤੇ ਹੁਣ ਆਪਣੀ ਤੇ ਆਪਣੇ ਆਂਢ ਗੁਆਂਢ ਵਾਲਿਆਂ ਦੀ ਬੇਮਕਸਦ ਜਿਦਗੀ ਉਤੇ ਗ਼ੋਰ ਪਈ ਕਰਦੀ ਸੀ—ਗੁਆਂਢੀਆਂ ਦਿਆਂ ਪੁੱਤਰਾਂ ਨੂੰ ਵੇਖੋ! ਸਾਰਾ ਦਿਨ ਸਕੂਟਰਾਂ ਤੇ ਚੜੇ ਸੀਟੀਆਂ ਵਜਾਂਦੇ ਫਿਰਦੇ ਨੇਂ। ਫਰਮੀ ਦੀ ਆਪਣੀ ਜ਼ਿੰਦਗੀ ਕੀ ਸੀ? ਪੱਕੀ ਪਕਾਈ ਖਾ ਲਈ, ਤੇ ਰਸਾਲੇ ਪੜ੍ਹਦੇ ਰਹੇ।

ਅੱਜ ਇਕ ਰਸਾਲੇ ਵਿਚ ਉਹਨੂੰ ਇਕ ਅਫ਼ਸਾਨਾ ਨਜ਼ਰੀਂ ।ਪਿਆ ਜਿਦ੍ਹਾ ਸਿਰਨਾਵਾਂ ਸੀ "ਜੰਨਤ ਅਰਜ਼ੀ" ਯਾਨੀ ਧਰਤੀ ਉਤੇ ਜੰਨਤ। ਏਸ ਅਫ਼ਸਾਨੇ ਵਿਚ ਦੇਹਾਤੀ ਜ਼ਿੰਦਗੀ ਦਾ ਨਕਸ਼ਾ ਅਜਿਹੇ ਮਨਖਿਚਵੇਂ ਤਰੀਕੇ ਨਾਲ ਬਣਾਇਆ ਗਿਆ ਸੀ ਕਿ ਫ਼ਰਮੀ ਤਾਂ ਪੜ੍ਹ ਕੇ ਝੂਮਣ ਲੱਗ ਪਈ।

ਲਿਖਣ ਵਾਲਾ ਤਾਂ ਲਾਹੌਰ ਦਾ ਰਹਿਣ ਵਾਲਾ ਸੀ। ਪਰ ਓਸ ਨੇ ਅਫ਼ਸਾਨਾ ਦੇਹਾਤੀ ਜ਼ਿੰਦਗੀ ਨੂੰ ਬਹੁਤ ਨੇੜਿਉਂ ਵੇਖ ਕੇ ਲਿਖਿਆ ਸੀ। ਏਸ ਕਹਾਣੀ ਵਿਚ ਸਰ੍ਹੋਂ ਦੀਆਂ ਪੈਲੀਆਂ ਦੀ ਨਿੰਮ੍ਹੀਂ ਨਿੰਮ੍ਹੀਂ ਖ਼ੁਸ਼ਬੋ ਬਸੀ ਸੀ। ਤੇ ਪਿੰਡ ਦੀਆਂ ਅਲ੍ਹੜ ਮੁਟਿਆਰਾਂ ਦੇ ਹਾਸੇ ਪਏ ਗੂੰਜਦੇ ਸਨ। ਪਰ ਸਭ ਤੋਂ ਸ਼ਾਨਦਾਰ ਉਹਨਾਂ ਗੈਰਤਮੰਦ ਜਵਾਨਾਂ ਦਾ ਜ਼ਿਕਰ ਸੀ ਜਿਹੜੇ ਇੱਜ਼ਤ ਦੇ ਪਿੱਛੇ ਪਹਾੜਾਂ ਨਾਲ ਟਕਰਾ ਜਾਂਦੇ ਨੇਂ। ਜਦੋਂ ਫ਼ਰਮੀ ਨੇ ਇਹ ਲਫ਼ਜ਼ ਪੜ੍ਹੇ "ਦੇਹਾਤ ਵਿਚ ਔਰਤ ਆਜ਼ਾਦ ਏ। ਤੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਏ। ਓਥੋਂ ਦੇ ਘਰ ਸ਼ਰਾਫ਼ਤ, ਗ਼ੈਰਤ ਤੇ ਮਾਸੂਮੀਅਤ ਦੇ ਪੰਘੂੜੇ ਨੇ" ਫ਼ਰਮੀ ਨੇ ਪੱਕਾ ਇਰਾਦਾ ਕਰ ਲਿਆ ਕਿ ਸਦੀਕ ਮਾਮਾ ਜੀ ਦੇ ਨਾਲ ਉਹਨਾਂ ਦੇ ਪਿੰਡ ਜਾਣਾ ਏਂ। ਤੇ ਅੱਜ ਈ ਜਾਣਾ ਏਂ! ਉਹਨੇ ਸਾਰਾ ਮਨਸੂਬਾ ਤਿਆਰ ਕਰ ਲਿਆ। ਇਕ ਡਾਇਰੀ, ਦੋ ਤਿੰਨ ਪਿੰਸਲਾਂ ਤੇ ਇਕ ਕੈਮਰਾ ਲੈ ਕੇ ਚਲੀ ਜਾਵਾਂਗੀ, ਕੁਝ ਫੋਟੋ ਲਵਾਂਗੀ। ਕੁਝ ਅਲ੍ਹੜ ਮੁਟਿਆਰਾਂ ਦੇ ਇੰਟਰਵਿਊ ਹੋ ਜਾਣਗੇ, ਤੇ ਕਾਲਜ ਮੈਗਜ਼ੀਨ ਲਈ ਬੜੀ ਸ਼ਾਨਦਾਰ ਸਰਵੇ ਰਿਪੋਰਟ ਤਿਆਰ ਹੋ ਜਾਵੇਗੀ।

ਉਹਨੇ ਜਾ ਕੇ ਮਾਂ ਨੂੰ ਪੁੱਛਿਆ—ਸਦੀਕ ਮਾਮਾ ਜੀ ਚਲੇ ਤੇ ਨਹੀਂ ਗਏ?

ਮਾਂ ਕਹਿਣ ਲਗੀ—ਨਹੀਂ ਅਜੇ ਤੇ ਉਹਦਾ ਸੂਟਕੇਸ ਏਥੇ ਈ ਪਿਆ ਏ।

ਫ਼ਰਮੀ ਕਹਿਣ ਲੱਗੀ, "ਮੈਂ ਉਹਨਾਂ ਦੇ ਨਾਲ ਪਿੰਡ ਜਾਵਾਂਗੀ।"



"ਉਹ ਕਾਹਦੇ ਲਈ, ਧੀਏ?"

"ਮੈਂ ਕਾਲਜ ਮੈਗਜ਼ੀਨ ਲਈ ਸਰਵੇ ਰਿਪੋਰਟ ਲਿਖਣੀ ਏਂ।" ਫ਼ਰਮੀ ਨੇ ਜਵਾਬ ਦਿੱਤਾ। "ਪਿੰਡਾਂ ਦੀ ਜ਼ਿੰਦਗੀ ਬਾਰੇ ਰਿਪੋਰਟ।" ਐਨੇ ਵਿਚ ਸਦੀਕ ਵੀ ਆ ਗਿਆ। ਸਦੀਕ ਫ਼ਰਮੀ ਦੀ ਮਾਂ ਦਾ ਦੂਰ ਦਾ ਰਿਸ਼ਤੇਦਾਰ ਸੀ। ਜਦੋਂ ਲਾਹੌਰ ਆਉਂਦਾ ਸੀ, ਇਹਨਾਂ ਦੇ ਬੰਗਲੇ ਵਿਚ ਰਾਤ ਰਹਿੰਦਾ ਸੀ ਤੇ ਸਵੇਰੇ ਜਾਣ ਲੱਗਾ ਸਾਰੇ ਟੱਬਰ ਨੂੰ ਪਿੰਡ ਆਉਣ ਦੀ ਦਾਅਵਤ ਦੇ ਜਾਂਦਾ ਸੀ। ਪਿਛਲੇ ਵੀਹਾਂ ਵਰ੍ਹਿਆਂ ਵਿਚ ਕਿਸੇ ਨੇ ਵੀ ਉਹਦੀ ਦਾਅਵਤ ਨਹੀਂ ਸੀ ਮੰਨੀ। ਪਰ ਅੱਜ ਫ਼ਰਮੀ ਆਪ ਈ ਤਿਆਰ ਹੋ ਗਈ ਸੀ।

ਮਾਂ ਕਹਿਣ ਲਗੀ—ਜੇ ਇਹਦਾ ਪਿੰਡ ਵਿਚ ਜੀਅ ਨਾ ਲੱਗਾ!

ਸਦੀਕ ਕਹਿਣ ਲੱਗਾ—ਬੂਹੇ ਅੱਗੇ ਬੱਸਾਂ ਦਾ ਅੱਡਾ ਏ। ਜਦੋਂ ਜੀ ਕਰੇਗਾ ਵਾਪਸ ਆ ਜਾਏਗੀ।

ਫ਼ਰਮੀ ਖ਼ੁਸ਼ੀ ਖ਼ੁਸ਼ੀ ਸਦੀਕ ਦੇ ਨਾਲ ਚਲੀ ਗਈ ਤੇ ਸ਼ਾਮ ਤੀਕਰ ਦੋਵੇਂ ਪਿੰਡ ਪਹੁੰਚ ਗਏ।

ਅਗਲੇ ਦਿਨ ਸਵੇਰੇ ਫ਼ਰਮੀ ਦੀ ਅੱਖ ਕੁਕੜੀਆਂ ਦੀ ਕੁੜ ਕੁੜ ਨਾਲ ਖੁਲ੍ਹੀ। ਮਾਮੀ ਨੇ ਉਹਦੇ ਲਈ ਆਂਡਾ ਤੇ ਪਰੌਂਠਾ ਪਕਾਇਆ। ਰੋਟੀ ਖਾਂਦਿਆਂ ਫ਼ਰਮੀ ਪਈ ਸੋਚਦੀ ਸੀ ਪਈ ਖੇਤਾਂ ਵਿਚ ਕੰਮ ਕਰਦੀਆਂ ਔਰਤਾਂ ਦਾ ਇੰਟਰਵਿਊ ਕਿਸ ਤਰ੍ਹਾਂ ਲਿਆ ਜਾਵੇ। ਉਹਨੇ ਸੋਚਿਆ ਕੈਮਰਾ ਤੇ ਡਾਇਰੀ ਲੈ ਕੇ ਖੇਤਾਂ ਵਿਚ ਚਲੀ ਜਾਨੀ ਆਂ। ਫੇਰ ਮਾਮੀ ਨੂੰ ਕਹਿਣ ਲੱਗੀ।

"ਮਾਮੀ ਜੀ, ਜਦੋਂ ਤੁਸੀਂ ਰੋਟੀ ਲੈ ਕੇ ਪੈਲੀਆਂ ਵਿਚ ਜਾਉਗੇ ਤਾਂ ਮੈਨੂੰ ਵੀ ਨਾਲ ਲੈ ਚੱਲਣਾ। ਮੈਂ ਪੈਲੀਆਂ ਵੇਖਣੀਆਂ ਨੇਂ।"

ਮਾਮੀ ਕਹਿਣ ਲੱਗੀ, "ਅਸੀਂ ਤੇ ਕਦੀ ਘਰੋਂ ਨਹੀਂ ਨਿਕਲੇ। ਪੈਲੀਆਂ ਵਿਚ ਰੋਟੀ ਲੈ ਜਾਣ ਦਾ ਕੰਮ ਤਾਂ ਸਾਡੇ ਕਾਮੇ ਦੀ ਜਨਾਨੀ ਕਰਦੀ ਏ। ਯਾਂ ਫੇਰ ਜਦੋਂ ਬਹੁਤ ਸਾਰੇ ਕੰਮੀਂ ਖੇਤਾਂ ਵਿਚ ਕੰਮ ਕਰਦੇ ਹੋਣ ਤਾਂ ਪਿੰਡ ਦੀਆਂ ਸਾਰੀਆਂ ਮੋਚਣਾਂ, ਮਰਾਸਣਾਂ, ਤੇ ਤੀਕਣਾਂ ਆਪਣੇ ਮਰਦਾਂ ਲਈ ਰੋਟੀ ਲੈ ਕੇ ਜਾਂਦੀਆਂ ਨੇਂ। ਜੇ ਤੂੰ ਪੈਲੀਆਂ ਵੇਖਣੀਆਂ ਨੇਂ ਤਾਂ ਥੋੜ੍ਹੇ ਦਿਨ ਸਾਹ ਲੈ। ਸਾਡੀ ਗੱਡ ਲਾਇਲਪੁਰੋਂ ਆ ਜਾਂਦੀ ਏ ਤੇ ਉਹਦੇ ਉਤੇ ਬਹਿ ਕੇ ਚੱਲੀਂ। ਤੈਨੂੰ ਆਪਣਾ ਟਿੰਡਾਂ ਵਾਲਾ ਖੂਹ ਵਖਾਲ ਕੇ ਲਿਆਵਾਂਗੇ। ਅਸੀਂ ਘਰੋਂ ਨਹੀਂ ਨਿਕਲਣਾ। ਅਸੀਂ ਕੋਈ ਕੰਮੀਂ ਆਂ!" ਉਤੋਂ ਸਦੀਕ ਆ ਗਿਆ। ਪੁੱਛਣ ਲੱਗਾ ਕੀ ਝਗੜਾ ਏ?

ਮਾਮੀ ਕਹਿਣ ਲੱਗੀ, "ਤੇਰੀ ਭਣੇਵੀਂ ਕਹਿੰਦੀ ਏ ਪੈਲੀਆਂ ਵੇਖਣੀਆਂ ਨੇ।"

ਸਦੀਕ ਕਹਿਣ ਲੱਗਾ, ਕੀ ਡਰ ਏ। ਪੈਲੀਆਂ ਵੇਖ ਆਏ। ਤੂੰ ਇਹਨੂੰ ਬੁਰਕਾ ਪਾ ਦੇ। ਐਸ਼ਾਂ ਨਾਇਣ ਨੂੰ ਆਖ ਇਹਨੂੰ ਫਿਰਾ ਲਿਆਏ।

ਫ਼ਰਮੀ ਨੇ ਆਪਣੀ ਮਾਮੀ ਦਾ ਵੀਹ ਗਜ਼ ਦਾ ਚਿੱਟਾ ਬੁਰਕਾ ਪਾ ਲਿਆ 'ਤੇ ਐਸ਼ਾਂ ਨੇਣ ਦੇ ਨਾਲ ਪੈਲੀਆਂ ਵੇਖਣ ਚਲੀ ਗਈ। ਕੁਝ ਤੇ ਬੁਰਕ ਦਾ ਭਾਰ, ਕੁਝ ਧੁੱਪ, ਤੇ ਉਤੋਂ ਪੈਲੀਆਂ ਦੀ ਬਦਬੂ। ਫ਼ਰਮੀ ਨੂੰ ਚੱਕਰ ਆ ਗਿਆ।

"ਐਨੀ ਬੂ ਕਿਉਂ ਏ ਏਥੇ ?" ਫ਼ਰਮੀ ਨੇ ਪੁੱਛਿਆ।

ਐਸ਼ਾਂ ਕਹਿਣ ਲੱਗੀ, "ਪਿੰਡ ਦੇ ਨੇੜੇ ਦੀਆਂ ਪੈਲੀਆਂ ਵਿਚ ਤੇ ਬਦਬੂ ਹੁੰਦੀ ਏ।"

ਫ਼ਰਮੀ ਨੇ ਦੋ ਤਿੰਨ ਗਜ਼ ਬੁਰਕਾ ਹੱਥ ਦੁਆਲੇ ਵਲ੍ਹੇਟ ਕੇ ਨੱਕ ਅੱਗੇ ਕਰ ਲਿਆ। ਥੋੜ੍ਹੀ ਦੇਰ ਵਿਚ ਪਸੀਨਾ ਪਸੀਨਾ ਹੋ ਕੇ ਐਸ਼ਾਂ ਨੂੰ ਕਹਿਣ ਲੱਗੀ—ਚੱਲ ਘਰ। ਵਾਪਸ ਘਰ ਪਹੁੰਚੀ ਤਾਂ ਮਾਮੀ ਨੇ ਆਖਿਆ—ਥੱਕ ਗਈ ਏਂ ਪੁੱਤਰ ! ਚੁਬਾਰੇ ਵਿਚ ਜਾ ਕੇ ਲੰਮੀ ਪੈ ਜਾ। ਐਸ਼ਾਂ, ਜਰਾ ਬੀਬੀ ਦੇ ਪੈਰ ਘੁੱਟ ਦੇ।

ਚੁਬਾਰੇ ਵਿਚ ਫ਼ਰਮੀ ਦੇ ਪੈਰ ਘੁਟਦਿਆਂ ਐਸ਼ਾਂ ਨੇ ਸਾਹਮਣੇ ਪੱਕੀ ਹਵੇਲੀ ਵੱਲ ਤੱਕਿਆ ਤੇ ਹੱਸ ਪਈ। ਫ਼ਰਮੀ ਨੇ ਸਿਰ ਉੱਚਾ ਕਰਕੇ ਵੇਖਿਆ। ਬਾਰਾਂ ਚੌਦਾਂ ਵਰ੍ਹਿਆਂ ਦੀ ਇਕ ਕੁੜੀ ਨਾਇਲਨ ਦਾ ਹਰਾ ਦੋਪੱਟਾ ਹੱਥ ਵਿਚ ਫੜੀਂ ਪੌੜੀਆਂ ਪਈ ਉਤਰਦੀ ਸੀ। ਐਸ਼ਾਂ ਕਹਿਣ ਲੱਗੀ—ਇਹ ਇਹਨੂੰ ਸ਼ਾਹਣੀ ਕੋਲੋਂ ਮਿਲਿਆ ਏ।

"ਸ਼ਾਹਣੀ ਕੌਣ ਏਂ ?"

"ਸ਼ਾਹ ਜੀ ਦੀ ਘਰ ਵਾਲੀ। ਏਸ ਪਿੰਡ ਦੇ ਦੁਆਲੇ ਸਾਰੀ ਜਮੀਨ ਸ਼ਾਹ ਜੀ ਦੀ ਏ।"

"ਦੋਪੱਟਾ ਕਾਹਦਾ ਦਿੱਤਾ ਏ ਉਹਨੇ।"

"ਇਹ ਕੁੜੀਆਂ ਚਿੜੀਆਂ ਆ ਕੇ ਸ਼ਾਹ ਜੀ ਨੂੰ ਖ਼ੁਸ਼ ਕਰਦੀਆਂ ਨੇਂ। ਤੇ ਸ਼ਾਹਣੀ ਕੁੜੀਆਂ ਨੂੰ ਖੁਸ਼ ਕਰਦੀ ਏ। ਕਿਸੇ ਨੂੰ ਦੋਪੱਟਾ ਦਿੱਤਾ, ਕਿਸੇ ਨੂੰ ਚੂੜੀਆਂ, ਤੇ ਕਿਸੇ ਨੂੰ ਮਠਿਆਈ।"

ਫ਼ਰਮੀ ਉਠ ਕੇ ਬਹਿ ਗਈ। "ਪਰ ਪਿੰਡਾਂ ਦੀਆਂ ਔਰਤਾਂ ਤੇ ਬੜੀਆਂ ਗ਼ੈਰਤ ਵਾਲੀਆਂ ਹੁੰਦੀਆਂ ਨੇਂ", ਉਹਨੇ ਆਖਿਆ। ਐਸ਼ਾਂ ਕਹਿਣ ਲੱਗੀ, "ਪਹਿਲਾਂ ਸ਼ਾਹਣੀ ਵੀ ਬੜੀ ਗ਼ੈਰਤ ਵਾਲੀ ਸੀ। ਇਹਦੇ ਆਵਣ ਤੋਂ ਪਹਿਲਾਂ ਪਿੰਡ ਦੀਆਂ ਕੁੜੀਆਂ ਈ ਸ਼ਾਹ ਜੀ ਦੇ ਘਰ ਦਾ ਕੰਮ ਧੰਦਾ ਕਰਦੀਆਂ ਸਨ। ਪਰ ਜਦੋਂ ਇਹ ਆਈ ਤਾਂ ਇਹਨੇ ਕੁੜੀਆਂ ਦਾ ਘਰ ਵਿਚ ਆਉਣਾ ਬੰਦ ਕਰ ਦਿੱਤਾ। ਤੇ ਬੂਹੇ ਦੀ ਕੁੰਡੀ ਮਾਰ ਦਿੱਤੀ। ਸ਼ਾਹ ਜੀ ਨੂੰ ਬੜਾ ਵੱਟ ਚੜ੍ਹਿਆ। ਪਹਿਲਾਂ ਤੇ ਉਹਨਾਂ ਝਾੜਿਆ ਝੰਬਿਆ, ਗਾਹਲ ਮੰਦਾ ਕੀਤਾ। ਪਰ ਜਦੋਂ ਇਹਨੇ ਫੇਰ ਵੀ ਕੁੜੀਆਂ ਲਈ ਬੂਹਾ ਨਾ ਖੋਹਲਿਆ ਤਾਂ ਸ਼ਾਹ ਜੀ ਨੇ ਇਹਨੂੰ ਡੰਡਿਆਂ ਨਾਲ ਮਾਰਿਆ। ਤੇ ਫੇਰ ਪਸਾਰ ਵਿਚ ਸੁਟ ਕੇ ਬਾਹਰੋਂ ਕੁੰਡੀ ਮਾਰ ਦਿੱਤੀ।"

ਸ਼ਾਮ ਨੂੰ ਸ਼ਾਹ ਜੀ ਮੈਨੂੰ ਕਹਿਣ ਲੱਗੇ, ਜ਼ਰਾ ਅੰਦਰ ਜਾ ਕੇ ਵੇਖ, ਉਹਦਾ ਦਿਮਾਗ਼ ਅਜੇ ਠੀਕ ਹੋਇਆ ਏ ਕਿ ਨਹੀਂ। ਮੈਂ ਬੂਹਾ ਖੋਹਲਿਆ ਤੇ ਸ਼ਾਹਣੀ ਦਾ



ਹਾਲ ਪੁੱਛਿਆ। ਕਹਿਣ ਲੱਗੀ, "ਸ਼ਾਹ ਜੀ ਚਾਹੁੰਦੇ ਨੇਂ ਮੈਂ ਗੁਨਾਹ ਕਰਨ ਵਿਚ ਉਹਨਾਂ ਦੀ ਸ਼ਰੀਕ ਬਣ ਜਾਵਾਂ। ਪਰ ਮੈਥੋਂ ਇਹ ਕੰਮ ਨਹੀਂ ਹੋਣਾ। ਇਹ ਹਯਾਤੀ ਚੰਦ ਰੋਜ਼ ਏ, ਆਖ਼ਰਤ ਹਮੇਸ਼ਾ ਰਹਿਣੀ ਏ। ਮੈਂ ਦੁਨੀਆਂ ਵਾਸਤੇ ਆਖ਼ਰਤ ਖ਼ਰਾਬ ਨਹੀਂ ਕਰਨੀ !"

ਮੈਂ ਬਾਹਰ ਆ ਕੇ ਸਾਹ ਜੀ ਨੂੰ ਸਮਝਾਇਆ ਪਈ ਤੁਹਾਡੀ ਵਹੁਟੀ ਨੂੰ ਤੇ ਆਖ਼ਰਤ ਦੀ ਫ਼ਿਕਰ ਪਈ ਹੋਈ ਏ। ਉਹ ਕਹਿਣ ਲੱਗੇ, ਮੈਂ ਇਹਦਾ ਇੰਤਜ਼ਾਮ ਕਰ ਲਾਂਗਾ। ਅਸਲ ਵਿਚ ਸ਼ਾਹ ਜੀ ਬਹੁਤ ਪੜ੍ਹੇ ਲਿਖੇ ਆਦਮੀ ਨੇਂ। ਸਕੂਲ ਦਾ ਵੱਡਾ ਮਾਸਟਰ ਏ ਨਾ ? ਉਹਦੇ ਨਾਲੋਂ ਵੀ ਬਹੁਤੇ ਪੜ੍ਹੇ ਹੋਏ ਨੇਂ।

ਉਹਨਾਂ ਨੇ ਸ਼ਾਹਣੀ ਨੂੰ ਸਮਝਾਇਆ ਪਈ ਕਿਤਾਬਾਂ ਵਿਚ ਲਿਖ਼ਿਆ ਏ, ਸ਼ਹੁਰ ਦਾ ਦਰਜਾ ਖ਼ੁਦਾ ਦ ਬਨਾਬਰ ਹੁੰਦਾ ਏ। ਜੇ ਕੋਈ ਔਰਤ ਆਪਣੇ ਸ਼ਹੁਰ ਨੂੰ ਖ਼ੁਸ਼ ਕਰਨ ਲਈ ਇਕ ਗੁਨਾਹ ਕਰੇ ਤਾਂ ਫ਼ਰਿਸ਼ਤੇ ਉਹਦੇ ਨਾਂ ਦੇ ਅੱਗੇ ਦਸ ਨੇਕੀਆਂ ਲਿਖ ਦਿੰਦੇ ਨੇਂ। ਤੇ ਜੇ ਕੋਈ ਜ਼ਨਾਨੀ ਆਪਣੇ ਸ਼ਹੁਰ ਦੀ ਖੁਸ਼ੀ ਲਈ ਸੌ ਗੁਨਾਹ ਕਰੇ ਤਾਂ ਉਹਨੂੰ ਸੱਤਰ ਹਜਾਰ ਨੇਕੀਆਂ ਦਾ ਸਵਾਬ ਮਿਲਦਾ ਏ। ਇਹ ਗੱਲ ਸ਼ਾਹਣੀ ਦੀ ਸਮਝ ਵਿਚ ਆ ਗਈ ਏ. ਤੇ ਹੁਣ ਹਰ ਵੇਲੇ ਨੇਕੀਆਂ ਈ ਕਮਾਂਦੀ ਰਹਿੰਦੀ ਏ।

ਫ਼ਰਮੀ ਕਹਿਣ ਲੱਗੀ, "ਕੜੀਆਂ ਦੀਆਂ ਮਾਵਾਂ ਨਹੀਂ ਮੋੜਦੀਆਂ ?"

ਐਸ਼ਾਂ ਕਹਿਣ ਲੱਗੀ, "ਉਹ ਤੇ ਧੀਆਂ ਨੂੰ ਸਬਕ ਪੜ੍ਹਨ ਲਈ ਸ਼ਾਹਣੀ ਕੋਲ ਘੱਲਦੀਆਂ ਨੇਂ। ਉਹਨਾਂ ਨੂੰ ਵਿਚ ਦਾ ਹਾਲ ਕੀ ਪਤਾ ਏ।"

ਫ਼ਰਮੀ ਫੇਰ ਕਹਿਣ ਲੱਗੀ, "ਪਰ ਕੁੜੀਆਂ ਆਪ ਸ਼ਿਕਾਇਤ ਕਰ ਦੇਣ।" ਐਸ਼ਾਂ ਕਹਿਣ ਲੱਗੀ, "ਕਾਹਨੂੰ ਸ਼ਿਕੈਤ ਕਰ ਦੇਣ। ਗ਼ਰੀਬਾਂ ਦੀਆਂ ਧੀਆਂ ਨੇਂ, ਆਪਣੇ ਘਰਾਂ ਵਿਚ ਇਹਨਾਂ ਨੂੰ ਅਣਤੜਕੀ ਦਾਲ ਮਿਲਦੀ ਏ। ਸ਼ਾਹ ਜੀ ਦੇ ਘਰ ਕੁਕੜ ਪਕਦੇ ਨੇਂ। ਆਪਣਿਆਂ ਘਰਾਂ ਵਿਚ ਇਹਨਾਂ ਨੂੰ ਮਲਾਲ ਦਾ ਦੋਪੱਟਾ ਵੀ ਨਹੀਂ ਜੁੜ ਸਕਦਾ। ਸ਼ਾਹਣੀ ਨਾਇਲਨ ਦੇ ਦੋਪੱਟੇ ਦਿੰਦੀ ਏ। ਉਹਨਾਂ ਨੂੰ ਕਾਹਦੀ ਤਕਲੀਫ਼ ਏ ਜੋ ਸ਼ਿਕੈਤ ਕਰਨ।"

ਫ਼ਰਮੀ ਬੋਲੀ, "ਪਰ ਇਹਨਾਂ ਦੇ ਭਰਾ, ਪਿਉ, ਕਿਸੇ ਨੂੰ ਵੀ ਗ਼ੈਰਤ ਨਹੀਂ ਆਉਂਦੀ ? ਥਾਣੇ ਵਿਚ ਜਾ ਕੇ ਰਿਪੋਰਟ ਕਰ ਦੇਣ।" ਐਸ਼ਾਂ ਹੱਸ ਪਈ। "ਦੋਵੇਂ ਥਾਣੇਦਾਰ ਸ਼ਾਹ ਜੀ ਦੇ ਪੱਕੇ ਯਾਰ ਨੇਂ। ਜਿਹੜਾ ਰਪਟ ਲੈ ਕੇ ਜਾਏਗਾ, ਉਹਦੀ ਆਪਣੀ ਰਪਟ ਹੋ ਜਾਏਗੀ।" ਤੇ ਨਾਲੇ ਐਸ਼ਾਂ ਨੇ ਫ਼ਰਮੀ ਦਾ ਮੋਢਾ ਹਿਲਾ ਕੇ ਆਖਿਆ, "ਇਹਦੀ ਲੋੜ ਕੀ ਏ ? ਕਿਸੇ ਦਾ ਕੀ ਪਿਆ ਜਾਂਦਾ ਏ ? ਸ਼ਾਹ ਜੀ ਦਾ ਦਿਲ ਖ਼ੁਸ਼ ਰਹਿੰਦਾ ਏ। ਸ਼ਾਹਣੀ ਦੀ ਆਖ਼ਰਤ ਪਈ ਬਣਦੀ ਏ। ਗ਼ਰੀਬਾਂ ਦੀਆਂ ਧੀਆਂ ਨੂੰ ਖਾਣ ਹੰਢਾਣ ਨੂੰ ਪਿਆ ਮਿਲਦਾ ਏ—ਤੇ ਸਾਡੇ ਜੇਹੀਆਂ ਦੀ ਰੋਜ਼ੀ ਪਈ ਚਲਦੀ ਏ। ਦੱਸ ਖ਼ਾਂ", ਉਹਨੇ ਫੇਰ ਫ਼ਰਮੀ ਦਾ ਮੋਢਾ ਫੜ ਕੇ ਹਿਲਾਇਆ। "ਨੁਕਸਾਨ ਕਿਦ੍ਹਾ ਏ ?"

ਐਸ਼ਾਂ ਦਾ ਫ਼ਲਸਫਾ ਏਡਾ ਡੂੰਘਾ ਸੀ ਪਈ ਫ਼ਰਮੀ ਕੋਈ ਜਵਾਬ ਨਾ ਸੋਚ ਸਕੀ। ਤੇ ਐਸ਼ਾਂ "ਮੈਂ ਕਲ੍ਹ ਫੇਰ ਆਵਾਂਗੀ" ਆਖ ਕੇ ਆਪਣੇ ਸਲੀਪਰ ਘਸੀਟਦੀ ਪੌੜੀਆਂ ਉਤਰ ਗਈ।

ਫ਼ਰਮੀ ਨੇ ਆਪਣੀ ਡਾਇਰੀ ਵਿਚ ਇਕੋ ਫਿਕਰਾ ਲਿਖਿਆ ਸੀ :

"ਦੇਹਾਤ ਵਿਚ ਸਿਰਫ਼ ਉਹ ਔਰਤਾਂ ਆਜ਼ਾਦ ਨੇਂ ਜਿਨ੍ਹਾਂ ਦੇ ਕੱਪੜਿਆਂ ਦੀਆਂ ਲੀਰਾਂ ਦਾ ਤੇ ਮਿਟੀ ਦਾ ਰੰਗ ਇਕੋ ਹੋਵੇ।"

ਉਹਨੇ ਹੋਰ ਕੁਝ ਲਿਖਣ ਦੀ ਕੋਸ਼ਸ਼ ਕੀਤੀ ਪਰ ਐਸ਼ਾਂ ਦੀਆਂ ਗੱਲਾਂ ਨਾਲ ਉਹਦੇ ਦਿਮਾਗ਼ 'ਤੇ ਪਹੀਆ ਜਿਹਾ ਫਿਰਨ ਲੱਗ ਪਿਆ ਸੀ। ਉਹ ਇਕ ਗੱਲ ਸੋਚਦੀ ਸੀ ਤੇ ਦੂਜੀ ਸਾਹਮਣੇ ਆ ਜਾਂਦੀ ਸੀ। ਦੂਜੀ ਨੂੰ ਸੋਚਦੀ ਸੀ ਤੇ ਫੇਰ ਪਹਿਲੀ—ਹਾਰ ਕੇ ਉਹਨੇ ਡਾਇਰੀ ਤਕੀਏ ਦੇ ਥੱਲੇ ਧਰ ਦਿਤੀ। ਤੇ ਲੰਮੀ ਪੈ ਗਈ। ਜੰਨਤਿ ਅਰਜ਼ੀ ਜਿੱਥੇ ਔਰਤ ਆਜ਼ਾਦ ਏ। ਪਰ ਉਹ ਜੰਨਤ ਹੈ ਕਿੱਥੇ ? ਸੋਚਦੀ ਸੋਚਦੀ ਫਰਮੀ ਸੌਂ ਗਈ।

ਅਗਲੇ ਦਿਨ ਦੁਪਹਿਰ ਦੀ ਰੋਟੀ ਖਾ ਕੇ ਫ਼ਰਮੀ ਚੌਬਾਰੇ ਵਿਚ ਲੇਟੀ ਪਈ ਹੋਈ ਅਖ਼ਬਾਰ ਨੂੰ ਫੇਰ ਪਈ ਪੜ੍ਹਦੀ ਸੀ ਕਿ ਐਸ਼ਾਂ ਆ ਗਈ। ਪਹਿਲਾਂ ਤਾਂ ਫ਼ਰਮੀ ਦੇ ਪੈਰ ਘੁਟਦੀ ਰਹੀ। ਫੇਰ ਕਹਿਣ ਲੱਗੀ, "ਬੀਬੀ ਜੀ, ਸ਼ਾਹਣੀ ਨੇ ਤੈਨੂੰ ਅੱਜ ਰਾਤ ਦੀ ਰੋਟੀ 'ਤੇ ਬੁਲਾਇਆ ਏ।"

ਫ਼ਰਮੀ ਨੂੰ ਇੰਜ ਲੱਗਾ ਜਿਵੇਂ ਓਸ ਨੂੰ ਕਿਸੇ ਨੇ ਗਾਲ੍ਹ ਕੱਢੀ ਹੋਵੇ। ਉਹ ਤੜਫ ਕੇ ਉਠ ਬੈਠੀ, "ਮੈਨੂੰ ਬੁਲਾਇਆ ਏ ? ਮੇਰਾ ਉਹਦੇ ਨਾਲ ਕੀ ਲੈਣ ਦੇਣ ਏ ? ਮੇਰਾ ਉਹਨੂੰ ਕਿਸ ਤਰ੍ਹਾਂ ਪਤਾ ਲੱਗਾ ? ਜ਼ਰੂਰ ਤੂੰ ਗੱਲ ਕੀਤੀ ਹੋਵਗੀ !"

ਐਸ਼ਾਂ ਕਹਿਣ ਲੱਗੀ, "ਨਹੀਂ ਬੀਬੀ ਜੀ ! ਸਹੁੰ ਰੱਬ ਦੀ। ਮੈਂ ਨਹੀਂ ਗੱਲ ਕੀਤੀ। ਉਹ ਜਿਹੜੀ ਹਲੀਮਾ ਏਂ ਨਾ। ਜਿਹੜੀ ਕਲ੍ਹ ਤੇਰਾ ਨਹੁੰ ਪਾਲਸ਼ ਪਈ ਵੇਖਦੀ ਸੀ, ਉਹਨੇ ਸ਼ਾਹਣੀ ਨੂੰ ਤੇਰਾ ਦੱਸਿਆ ਏ। ਮੈਂ ਅੱਜ ਗਈ ਤੇ ਕਹਿੰਦੀ ਸੀ ਪਈ—'ਕੁੰਡਲਾਂ ਵਾਲੇ ਕੱਟੇ ਹੋਏ ਵਾਲ ਨੇ। ਤੇ ਗੋਰਾ ਰੰਗ' ਮੈਨੂੰ ਵੇਖ ਕੇ ਚੁੱਪ ਕਰ ਗਈ ਸੀ : ਪਰ ਮੈਨੂੰ ਪਤਾ ਏ ਉਹ ਤੇਰੀਆਂ ਗੱਲਾਂ ਕਰਦੀ ਸੀ।"

ਫ਼ਰਮੀ ਗੁੱਸੇ ਨਾਲ ਰੋਣ ਲੱਗ ਪਈ। "ਕਿਉਂ ਮੇਰਾ ਨਾਂ ਕਿਸੇ ਨੇ ਲਿਆ ਏ ? ਮੈਂ ਮਾਮਾ ਜੀ ਨੂੰ ਕਹਾਂਗੀ।"

ਐਸ਼ਾਂ ਕਹਿਣ ਲੱਗੀ, "ਆਪਣੇ ਮਾਮੇ ਨਾਲ ਗੱਲ ਨਾ ਕਰੀਂ। ਉਹਨੇ ਸ਼ਾਹ ਜੀ ਕੋਲੋਂ ਟਰੈਕਟਰ ਲਿਆ ਸੀ। ਤੇ ਅਜੇ ਤੀਕਰ ਪੈਸੇ ਨਹੀਂ ਦਿੱਤੇ। ਸ਼ਾਹ ਜੀ ਅੱਗੇ ਬੋਲੇਗਾ ਤਾਂ ਉਹਨਾਂ ਨ ਇਹਦੀ ਚਟਣੀ ਬਣਾ ਦੇਣੀ ਏਂ।"

ਫ਼ਰਮੀ ਦੇ ਅੱਥਰੂ ਰੁਕ ਗਏ। ਉਹਨੂੰ ਇੰਜ ਲਗਾ ਜਿਵੇਂ ਕਿਸੇ ਨੇ ਕੁੱਟੀ ਹੋਈ ਬਰਫ ਉਹਦੀ ਗਰਦਨ ਉੱਤੇ ਧਰ ਦਿੱਤੀ ਹੋਵੇ, ਉਹਦਾ ਸਾਰਾ ਸਰੀਰ ਕੰਬਣ ਲੱਗ ਪਿਆ।

ਐਸ਼ਾਂ ਨੇ ਮੁਸਕਰਾ ਕੇ ਪੁੱਛਿਆ, "ਫੇਰ—ਕੀ ਜਵਾਬ ਦਿਆਂ ਸ਼ਾਹਣੀ ਨੂੰ ?"

ਫ਼ਰਮੀ ਨੇ ਹੌਲੀ ਜਿਹੀ ਆਖਿਆ, "ਸ਼ਾਮ ਨੂੰ ਆਵਾਂਗੀ।"



ਐਸ਼ਾਂ ਨੇ ਖੁਸ਼ ਹੋ ਕੇ ਉਹਦੇ ਕੁੰਡਲਾਂ ਵਾਲੇ ਸਿਰ 'ਤੇ ਹੱਥ ਫੇਰਿਆ ਤੇ ਕਹਿਣ ਲੱਗੀ. "ਬੜੀ ਅਕਲਾਂ ਵਾਲੀ ਧੀ ਏਂ ਤੂੰ। ਕੇਡੀ ਛੇਤੀ ਗੱਲ ਨੂੰ ਸਮਝੀ ਏਂ। ਪਰ ਜ਼ਰਾ ਹਨੇਰੇ ਪਏ ਚਲੀਂ !"

"ਹਾਂ", ਫ਼ਰਮੀ ਨੇ ਆਖਿਆ। "ਹਨੇਰੇ ਪਏ ਚਲਾਂਗੀ।"

ਐਸ਼ਾਂ ਚਲੀ ਗਈ ਤੇ ਫ਼ਰਮੀ ਨੇ ਛੇਤੀ ਨਾਲ ਅਟੈਚੀ ਵਿਚ ਆਪਣੇ ਕੱਪੜੇ ਬੰਦ ਕੀਤੇ ਤੇ ਤਿਆਰ ਹੋ ਕੇ ਵਿਹੜੇ ਵਿਚ ਆ ਗਈ। ਉਹਦੀ ਮਾਮੀ ਸਾਗ ਪਈ ਘੋਟਦੀ ਸੀ। ਤੇ ਉਹਦਾ ਮਾਮੇ ਦਾ ਨਿੱਕਾ ਪੁੱਤਰ ਕੋਲ ਬੈਠਾ ਫੱਟੀ ਪਿਆ ਲਿਖਦਾ ਸੀ।

ਫ਼ਰਮੀ ਨੇ ਆਖਿਆ, ਮੈਂ ਲਾਹੌਰ ਚੱਲੀ ਆਂ"

"ਐਡੀ ਛੇਤੀ ਤੁਰ ਚੱਲੀ ਏਂ ? ਟਿੰਡਾਂ ਵਾਲਾ ਖੂਹ ਤੇ ਵੇਖ ਲੈਣਾ ਸੀ।"

"ਅਗਲੇ ਫੇਰੇ ਵੇਖਾਂਗੀ।",

"ਆਪਣੇ ਮਾਮੇ ਕੋਲੋਂ ਤੇ ਪੁੱਛ ਲੈਣਾ ਸੀ।"

"ਮੈਂ ਪੁੱਛ ਲਿਆ ਸੀ। ਕਹਿੰਦੇ ਸਨ ਜਦੋਂ ਜੀਅ ਕਰੇ ਘਰ ਚਲੀ ਜਾਈਂ। ਨਾਲੇ ਮੈਂ ਕੁਝ ਲਿਖਣ ਆਈ ਸਾਂ, ਉਹ ਪੂਰਾ ਹੋ ਗਿਆ ਏ। ਹੁਣ ਜਾ ਕੇ ਮਜ਼ਮੂਨ ਛਪਣ ਲਈ ਦੇਣਾ ਏਂ।"

"ਅੱਛਾ !" ਮਾਮੀ ਨੇ ਗੱਲ ਸਮਝ ਕੇ ਆਖਿਆ। ਜੋ ਕੁਝ ਤੂੰ ਲਿਖਿਆ ਏ, ਉਹ ਹੁਣ ਲਾਹੌਰ ਜਾ ਕੇ ਛਾਪੇਂਗੀ ?"

"ਹਾਂ", ਫ਼ਰਮੀ ਨੇ ਜਵਾਬ ਦਿੱਤਾ। "ਲਾਹੌਰ ਜਾ ਕੇ ਛਾਪਾਂਗੀ।"

"ਠੀਕ ਏ, ਮਾਮੀ ਨੇ ਆਖਿਆ "ਅੱਲਾਹ ਬੇਲੀ ! ਵੇ ਅਕਬਰ ! ਛੱਡ ਫੱਟੀ ਤੇ ਆਪਾ ਨੂੰ ਬਸ ਵਿਚ ਬਿਠਾ ਕੇ ਆ।"

ਅਕਬਰ ਨੇ ਸਿਆਹੀ ਨਾਲ ਲਿਬੜੇ ਹੋਏ ਹੱਥ ਆਪਣਾ ਤੰਬੀ ਨਾਲ ਪੂੰਝੇ, ਤੇ ਫ਼ਰਮੀ ਦਾ ਸੂਟਕੇਸ ਚੁੱਕ ਲਿਆ। ਫੇਰ ਅੱਡੇ 'ਤੇ ਜਾ ਕੇ ਉਹਨੂੰ ਲਾਹੌਰ ਦੀ ਬੱਸ ਵਿਚ ਬਿਠਾ ਦਿੱਤਾ।

ਬੱਸ ਤੁਰ ਪਈ ਪਰ ਫਰਮੀ ਦਾ ਦਿਲ ਅਜੇ ਵੀ ਪਿਆ ਕੰਬਦਾ ਸੀ। ਉਹ ਮੁੜ ਮੁੜ ਕੇ ਬਾਰੀ ਵਿਚੋਂ ਬਾਹਰ ਤੱਕਦੀ ਸੀ ਜਿਸ ਤਰ੍ਹਾਂ ਉਹਦੇ ਪਿੱਛੇ ਕੋਈ ਪਿਆ ਆਉਂਦਾ ਹੋਵੇ। ਜਿਉਂ ਜਿਉਂ ਪਿੰਡ ਦੂਰ ਹੁੰਦਾ ਗਿਆ, ਫ਼ਰਮੀ ਦੇ ਦਿਲ ਤੋਂ ਭਾਰ ਲੱਥਦਾ ਗਿਆ। ਆਖ਼ਰ ਜਦੋਂ ਬਸ ਰਾਵੀ ਦੇ ਪੁਲ ਉਤੇ ਪਹੁੰਚੀ, ਸ਼ਾਮ ਹੋ ਚੁੱਕੀ ਸੀ ਤੇ ਲਾਹੌਰ ਦੀਆਂ ਰੌਸ਼ਨੀਆ ਝਿਲਮਿਲ ਝਿਲਮਿਲ ਕਰਦੀਆਂ ਦਰਖ਼ਤਾਂ ਦਿਆਂ ਪੱਤਰਾਂ ਵਿਚੋਂ ਪਈਆਂ ਲੱਭਦੀਆਂ ਸਨ। ਫ਼ਰਮੀ ਨੂੰ ਇਤਮੀਨਾਨ ਹੋ ਗਿਆ ਕਿ ਉਹ ਵਾਪਸ ਓਸ ਜੰਨਤਿ ਅਰਜ਼ੀ ਵਿਚ ਪਹੁੰਚ ਗਈ ਏ ਜਿੱਥੇ ਔਰਤ ਆਜ਼ਾਦ ਏ, ਤੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਏ। ਜਿੱਥੇ ਜਹਾਲਤ ਇਲਮ ਦਾ ਭੇਸ ਵਟਾ ਕੇ ਆ ਜਾਏ, ਫੇਰ ਵੀ ਉਹਨੂੰ ਜਹਾਲਤ ਈ ਆਖਿਆ ਜਾਂਦਾ ਏ, ਜਿੱਥੇ ਬਦੀ ਨੂੰ ਬਦੀ ਕਹਿਣ ਵਾਲੇ ਵਸਦੇ ਨੇਂ, ਜਿੱਥੇ ਜ਼ੁਲਮ ਦਾ ਨਾਂ ਜ਼ੁਲਮ ਏ।

O

# ਕਿਊਬਾ ਦੇ ਗੀਤ

ਪਾਬਲੋ ਨੇਰੂਦਾ

"ਪੈਰਿਸ, ਜੂਨ 13 ਪੈਰਿਸ ਦੇ ਪ੍ਰੈਸ ਨੇ ਫਾਸ਼ੀ ਕਾਤਲਾਂ ਹੱਥੋਂ ਇਕ ਨਵੇਂ ਕਤਲ—ਨੌਜਵਾਨ ਕਵੀ ਮੈਨੂਅਲ ਮੋਰੀਨੋ ਬਾਰੈਕੋ ਦੇ ਕਤਲ, ਬਾਰੇ ਟਿੱਪਣੀਆਂ ਕੀਤੀਆਂ ਹਨ।"

"ਏਸੇ ਫਰਵਰੀ ਨੂੰ ਗ੍ਰਿਫ਼ਤਾਰ ਕੀਤਾ, ਉਹ ਦਸ ਦਿਨਾਂ ਪਿਛੋਂ ਜੇਲ੍ਹ ਦੇ ਹਸਪਤਾਲ ਵਿਚ ਮਰ ਗਿਆ। ਮੌਤ ਦੇ ਕਾਰਨਾਂ ਦੀ ਵਿਆਖਿਆ ਵਜੋਂ, ਫਰਾਂਕੋ ਦੇ ਅਧਿਕਾਰੀਆਂ ਨੇ ਉਸ ਦੇ ਪ੍ਰੀਵਾਰ ਨੂੰ ਉਹੋ ਕਹਾਣੀ ਪੇਸ਼ ਕਰ ਦਿੱਤੀ, ਜਿਹੜੀ ਉਹਨਾਂ ਨੇ ਜੂਲੀਅਨ ਗਰੀਮਾਓ (ਸਪੇਨ ਦੇ ਸਮਾਜਵਾਦੀ ਆਗੂ) ਦੀ ਮੌਤ ਸਮੇਂ ਘੜੀ ਸੀ। 'ਉਸ ਨੇ ਜੇਲ੍ਹ ਦੀ ਖਿੜਕੀ 'ਚੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ।' ਪਰ ਇਹ ਕਹਾਣੀ ਨੰਗੀ ਹੋ ਗਈ, ਜਦੋਂ ਫਰਾਂਕੋ ਦੇ ਹਤਿਆਰਿਆਂ ਨੇ ਨੌਜਵਾਨ ਕਵੀ ਦੀ ਮਾਂ ਵਲੋਂ ਆਪਣੇ ਮਰ ਰਹੇ ਪੁੱਤਰ ਨੂੰ ਵੇਖਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਕਿ ਉਹ ਉਸ ਦੇ ਜਿਸਮ ਤੋਂ ਤਸੀਹਿਆਂ ਦੇ ਨਿਸ਼ਾਨ ਨਾ ਵੇਖ ਲਵੇ।"

— ਉਸ ਦਿਨ, ਅਰਥਾਤ 14 ਜੂਨ, 1963 ਨੂੰ ਮੈਂ ਉੱਠਦੇ ਹੋਏ ਬੀਮਾਰ ਮਹਿਸੂਸ ਕਰਦੇ, ਫੈਸਲਾ ਕੀਤਾ ਕਿ ਅੱਜ ਮੈਨੂੰ ਬੈਠ ਕੇ ਕਿਊਬਾ ਬਾਰੇ ਸਪੇਨੀ ਕਵਿਤਾ ਦੇ ਸੰਗ੍ਰਹਿ ਦੀ ਭੂਮਿਕਾ ਲਿਖਣੀ ਚਾਹੀਦੀ ਹੈ। ਆਪਣੇ ਸੌਣ ਕਮਰੇ 'ਚੋਂ ਮੈਂ ਵਿਲਪਾਰੈਸੋ' ਬੰਦਰਗਾਹ ਵਿਚ ਖਲੋਤੇ ਜਹਾਜ਼ ਵੇਖ ਸਕਦਾ ਸੀ। ਉਹਨਾਂ 'ਚੋਂ ਕੁਝ, ਸਿਆਲੀ ਸਮੁੰਦਰ ਦੇ ਸਾਹਵੇਂ ਕਾਲੇ ਜਹਾਜ਼, ਸ਼ਾਇਦ ਸਪੇਨ ਤੋਂ ਆਏ ਸੀ ਜਾਂ ਸ਼ਾਇਦ ਘਰ ਮੁੜਦੇ ਉਥੋਂ ਦੀ ਲੰਘਣਗੇ, ਉਹਨਾਂ ਜਹਾਜ਼ਾਂ ਤੋਂ ਮੇਰੇ ਖਿਆਲ ਸਮੁੰਦਰੀ ਬੰਦਰਗਾਹਾਂ ਵੱਲ ਪਰਤ ਗਏ ਤੇ ਕਿਊਬਾ ਤੋਂ ਨਵੀਆਂ ਕਵਿਤਾਵਾਂ ਵੱਲ। ਅਖ਼ਬਾਰਾਂ ਫੋਲਦੇ, ਮੈਨੂੰ ਉੱਪਰ ਦਿੱਤੀ ਰੀਪੋਰਟ ਟੱਕਰ ਗਈ।

> ਇਸ ਲਈ ਹਰ ਚੀਜ਼ ਪਹਿਲਾਂ ਵਰਗੀ ਸੀ ?
> ਇੰਝ ਜਾਪਦਾ ਸੀ......
>
> ਪਰ ਇੰਝ ਨਹੀਂ ਸੀ
> ਸਿਰਫ ਪਸ਼ੂ ਹੀ ਪੁਰਾਣੀ ਤਰ੍ਹਾਂ ਅੜਿੰਗਦੇ ਨੇ
> ਪਰ ਕਵੀਆਂ ਦੇ ਗੀਤ ਨਵੇਂ ਹਨ।

ਇਹ ਪੁਸਤਕ ਉਹਨਾਂ ਲੇਖਕਾਂ ਵਲੋਂ ਲਿਖੀ ਗਈ ਹੈ, ਜਿਹੜੇ ਆਪਣੀਆਂ ਕਵਿਤਾਵਾਂ ਨੂੰ ਜੇਲ੍ਹ ਦੀ ਕੰਧ ਤੇ ਉੱਕਰ ਦੇਣਗੇ, ਜਿਹਨਾਂ ਦੀਆਂ ਆਵਾਜ਼ਾਂ ਸਮੁੰਦਰਾਂ ਨੂੰ ਪਾਰ ਕਰ ਜਾਣਗੀਆਂ, ਆਵਾਜ਼ਾਂ ਨਹੀਂ, ਸਪੇਨੀ ਧਰਤ ਦੀਆਂ ਦਬਾਈਆਂ ਹੋਈਆਂ ਹੂਕਾਂ ਤੇ ਹਾਵੇ।

ਜਦੋਂ ਕਦੇ ਅਸਾਂ ਸਾਰੇ ਸੰਸਾਰ ਦੇ ਕਵੀਆਂ ਨੇ ਆਪਣੀਆਂ ਕਵਿਤਾਵਾਂ ਸਪੇਨ ਨੂੰ ਸਮਰਪਿਤ ਕੀਤੀਆਂ ਸਨ, ਤਾਂ ਸਿੱਟਾ ਇਹ ਹੋਇਆ ਸੀ ਕਿ ਮੇਰੇ ਮਿੱਤਰਾਂ ਤੇ ਸਹਿਕ੍ਰਮੀਆਂ



ਨੇ ਅਮਰੀਕੀ ਮਹਾਂਦੀਪ ਵਿਚ ਸਪੇਨ ਦੇ ਦੁਖਾਂਤ ਤੇ ਸੂਰਮਤਾਈ ਨੂੰ ਅਨੁਭਵ ਕੀਤਾ ਸੀ ਤੇ ਇਸ ਦਾ ਹੁੰਗਾਰਾ ਭਰਿਆ ਸੀ। ਅਸੀਂ ਅਥਾਹ ਮੈਦਾਨਾਂ ਤੇ ਪਰਬਤਾਂ ਤੋਂ ਪਾਰ ਵੱਖੋ ਵੱਖਰੇ ਦੇਸ਼ਾਂ ਤੋਂ ਆਏ ਸੀ, ਪਰ ਫਾਸਲੇ ਸਾਡੀ ਏਕਤਾ ਨੂੰ ਤੋੜ ਨਾ ਸਕੇ। ਅਸੀਂ ਇਕ ਦੂਸਰੇ ਨੂੰ ਜਾਣਦੇ ਨਹੀਂ ਸੀ, ਪਰ ਅਸਾਂ ਰਲ ਕੇ ਗੀਤ ਛੋਹਿਆ ਸੀ। ਅਸੀਂ ਸਪੇਨ ਤੇ ਇਸ ਦੇ ਲੋਕਾਂ ਨੂੰ ਪਿਆਰ ਕਰਦੇ ਸੀ, ਤੇ ਸਾਡੀਆਂ ਕਵਿਤਾਵਾਂ ਉਸ ਦੀ ਰਾਖੀ ਲਈ ਭੱਜੀਆਂ ਆਈਆਂ ਸੀ, ਤੇ ਹਰ ਢੰਗ ਨਾਲ ਵੈਰੀ ਦੇ ਵਿਰੁੱਧ ਲੜੀਆਂ ਸੀ। ਇਹ ਸਾਡੀ ਮਹਾਨ ਉਮੀਦ ਹੀ ਸੀ, ਜਿਸ ਨੇ ਸਾਨੂੰ ਪੱਕੀ ਤਰ੍ਹਾਂ ਜੋੜੀ ਰੱਖਿਆ ਸੀ।

ਤੇ ਹੁਣ ਸਪੇਨੀ ਕਵੀ ਏਹੀ ਗੀਤ ਸਾਡੇ ਲਈ ਗਾ ਰਹੇ ਹਨ, ਉਹਨਾਂ ਨੇ ਇਸ ਨੂੰ ਨਵਾਂ ਜੀਵਨ, ਨਵੇਂ ਅਰਥ ਤੇ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।

ਉਹਨਾਂ ਦੀਆਂ ਸਤਰਾਂ ਪੜ੍ਹਦਿਆਂ, ਜਿਹੜੀਆਂ ਕਿ ਪੀੜ ਨਾਲ ਭਰੀਆਂ ਹੋਈਆਂ ਹਨ, ਸਾਨੂੰ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰਛਾਵੇ ਅਲੋਪ ਹੋ ਰਹੇ ਹਨ। ਇਹ ਕਵਿਤਾਵਾਂ ਠੋਸ ਕਾਰਨਾਮਿਆਂ ਨਾਲ ਏਨੀਆਂ ਭਰੀਆਂ ਹੋਈਆਂ ਹਨ, ਕਿ ਇਹ ਅਸਲ ਵਿਚ ਉਹਨਾਂ ਵਿਚ ਸਮੋਅ ਗਈਆਂ ਹਨ। ਇਹ ਸਪੇਨੀ ਸੰਘਰਸ਼ ਚੋਂ ਉਪਜਦੀਆਂ ਹਨ; ਕਿਊਬਾ ਬਾਰੇ ਸੋਚਦੇ ਹੋਏ, ਕਵੀ ਆਪਣੇ ਲੋਕਾਂ ਦੀ ਮੁਕਤੀ ਲਈ ਲੜ ਰਹੇ ਹਨ।

ਕਵੀ ਗੰਚਾਲੋ ਆਬਾਦ ਆਖਦਾ ਹੈ;

> ਮੈਂ ਆਪਣਾ ਜੀਵਨ
> 'ਹਵਾਨਾ' ਦੇ ਝੁਲਸਦੇ ਸੂਰਜ ਹੇਠ
> ਨਵੇਂ ਸਿਰਿਓਂ ਆਰੰਭ ਕਰਨਾ ਚਾਹੁੰਦਾ ਹਾਂ

ਇਹ ਏਂਜਲ ਸੰਨਤਿਆਗੋ ਹੈ;

> ਮੈਂ ਯੋਰਪ ਤੇ ਅਮਰੀਕਾ ਵਿਚਲਾ
> ਸਮੁੰਦਰ ਸੁਕਾ ਦਿਆਂਗਾ
> ਕਿਉਂਕਿ ਇਹ ਮੇਰਾ ਰਸਤਾ ਹੈ
> ਮੈਂ ਇਹਦੇ ਬਿਨਾਂ ਆਪਣੇ ਫੌਜੀ ਬੂਟਾਂ
> ਦੇ ਗਿੱਲਾ ਕਰਨ ਤੋਂ,
> ਪਾਰ ਕਰਨਾ ਚਾਹੁੰਦਾ ਹਾਂ

ਕਾਰਲੋ ਅਲਵਰੇਜ਼;

> ਮੈਂ ਉਸ ਉਮੀਦ ਨੂੰ ਘੁੱਟ ਕੇ ਦਿਲ ਨਾਲ
> ਗਲੇ ਲਗਾ ਲਵਾਂਗਾ,
> ਜਿਹੜੀ ਕਿ ਕਿਊਬਾ ਨੇ
> ਮੈਨੂੰ ਦਿਤੀ ਹੈ

ਅਨਤੋਨੀਓ ਰੋਦਰੀ ਗੁਏਜ਼;

ਨਹੀਂ ਕਿਊਬਾ
ਮੈਂ ਤੇਰੀ ਕਾਢ ਨਹੀਂ ਕੱਢੀ
ਤੂੰ ਪਹਿਲਾਂ ਹੀ ਇੱਥੇ ਸੀ,
ਮੈਂ ਤੇਰੇ ਨਾਲ ਤੇਰੇ ਗੰਨੇ ਕੱਟਦਾ ਹਾਂ
ਤੇ ਤੇਰੇ ਇਸ਼ਤਿਹਾਰ ਗਿੱਲੇ ਕਰਕੇ
ਕੰਧਾਂ ਤੇ ਗੇਟਾਂ ਤੇ ਚਿਪਕਾਉਂਦਾ ਹਾਂ
ਤੇ ਸੰਧਿਆ ਤੋਂ ਪਹਿਲਾਂ
ਤੇਰੇ ਸਮੁੰਦਰੀ ਤੱਟ ਤੇ
ਇਹ ਕਵਿਤਾ ਲਿਖਦਾ ਹਾਂ

ਏਂਜਲ ਗੰਜ਼ੇਲਜ਼;

ਇੱਕ ਅੰਨ੍ਹੇ ਤੂਫਾਨ ਨੂੰ
ਧਰਤੀ ਤੇ ਚੱਲਣ ਦਿਓ
ਜਾਂ ਵਾਦੀ ਵਿਚ ਕਹਿਰ ਵਾਪਰਨ ਦਿਓ
ਕਿਊਬਾ ਮੇਰੀਆਂ ਅੱਖਾਂ ਵਿਚ
ਇੱਕ ਧਰਚਮ ਵਾਂਗ ਹੈ
ਇਕ ਮੱਚਦੀ ਜਵਾਲਾ
ਤੇ ਸਦੀਵੀ ਰੌਸ਼ਨੀ

ਅੰਜੇਲਾ ਫਿਗੂਏਰਾ;

ਐ, ਕਿਊਬਾ !
ਤੇਰੇ ਲੋਕ ਆਜ਼ਾਦ ਹਨ।
ਉਹਨਾਂ ਆਪਣੇ ਭਾਰੇ ਸੰਗਲ
ਲਾਹ ਸੁੱਟੇ ਹਨ
ਤੇ ਉਹ ਆਸ-ਉਮੀਦ ਦੇ ਮਾਰਗ ਤੇ
ਹਵਾਵਾਂ ਨੂੰ ਕੱਟਦੇ, ਸਿੱਧੇ ਤੁਰੇ ਜਾਂਦੇ ਹਨ
ਤੇ ਸਪੇਨ ਦੇ ਲੋਕ



ਜਿਹਨੂੰ ਗੱਦਾਰਾਂ ਨੇ ਦਬਾਇਆ
ਤੇ ਵੇਚ ਸੁੱਟਿਆ ਹੈ,
ਆਪਣੇ ਅੱਥਰੂ ਨਿਗਲ ਰਹੇ ਹਨ
ਤੇ ਸੰਗਲਾਂ ਨੂੰ ਦੰਦ ਮਾਰਦੇ ਹਨ
ਤੇ ਉਹਨਾਂ ਦੇ ਸੈਂਕੜੇ ਜ਼ਖ਼ਮਾਂ ਚੋਂ
ਬੇ-ਬਹਾ ਲਹੂ ਵਗ ਰਿਹਾ ਹੈ ।

ਬਤਾਸ-ਦੀ-ਓਤੇਰੋ, ਰਾਫੇਲ ਅਲਬੇਰਤੀ ਤੇ ਹੋਰ ਬਹੁਤ ਸਾਰੇ ਕਵੀ, ਜਿਹੜੇ ਆਪਣੀਆਂ ਕਵਿਤਾਵਾਂ ਨਾਂ ਲਿਖ ਸਕੇ ਤੇ ਮਾਰੇ ਗਏ, ਉਹ ਸਾਰੇ ਜਿਹਨਾਂ ਦੀਆਂ ਕਵਿਤਾਵਾਂ ਇਸ ਸੰਗ੍ਰਹਿ ਵਿਚ ਸ਼ਾਮਲ ਨਹੀਂ ਕੀਤੀਆਂ ਗਈਆਂ ਤੇ ਉਹ ਸਾਰੇ ਜਿਹੜੇ ਹੁਣੇ ਹੀ ਉੱਠੇ ਹਨ, ਤੇ ਆਪਣੀਆਂ ਕਾਵਿ-ਪੰਗਤੀਆਂ ਲਿਖਣ ਵਾਲੇ ਹਨ, ਇਸ ਸਾਂਝੇ ਸਮੂਹ-ਗਾਣ ਵਿਚ ਆਪਣੀਆਂ ਆਵਾਜ਼ਾਂ ਰਲਾਉਂਦੇ ਹਨ। ਸਾਡੇ ਨਾਲ, ਸਪੇਨੀ ਕਵੀ ਕਿਊਬਾ ਦੀ ਰਖਵਾਲੀ ਕਰ ਰਹੇ ਹਨ, ਤੇ ਆਪਣੀ ਏਕਤਾ ਨਾਲ ਸਾਨੂੰ ਨਵੀਂ ਸ਼ਕਤੀ ਦੇ ਰਹੇ ਹਨ ਤੇ ਆਪਣੀ ਸਦੀਵੀ ਕੋਮਲਤਾ ਨਾਲ ਸਾਨੂੰ ਨਿੱਘ ਦੇ ਰਹੇ ਹਨ।

(ਹਰਭਜਨ ਹੁੰਦਲ)

○

## ਕੱਲ ਤੇ ਅੱਜ

ਸੁਣਦੇ ਸਾਂ
ਆਪਣੇ ਬਜ਼ੁਰਗਾਂ ਤੋਂ ਯਾਰੋ
ਫਲ੍ਹਾਣੇ ਥੇਹ ਦੀ ਅਮਕੀ ਗੁੱਠ
ਹੈ ਪੈਸਿਆਂ ਦਾ ਮੱਟ
ਉੱਤੇ ਬੈਠਾ ਹੈ ਸੱਪ
ਫੰਨ੍ਹ ਆਪਣਾ ਖਲਾਰ ਕੇ
ਜੋ ਮੰਗਦਾ ਬਲੀ
ਕਿਸੇ ਇਨਸਾਨ ਦੀ
ਤਦ ਹੱਸਦੇ ਸਾਂ
ਆਪਣੇ ਬਜ਼ੁਰਗਾਂ ਦੀ ਸਮਝ 'ਤੇ
ਅੱਜ ਹਰ ਘੜੀ ਹਰ ਥਾਂ ਵੇਖਦੇ ਹਾਂ
ਮੱਟਾਂ 'ਤੇ ਬੈਠੇ
ਸੱਪਾਂ ਨੂੰ ਫੰਨ੍ਹ ਖਲਾਰੀ
ਜੋ ਮੰਗਦੇ ਬਲੀ
ਪਤਾ ਨਹੀਂ ਕਿੰਨੇ ਇਨਸਾਨਾਂ ਦੀ ?

# ਕਾਲੇ ਦਿਨ—ਜਗੀਰੂ ਸਦਾਚਾਰ ਦਾ ਨਿਘਾਰ

—ਸੁਰਜੀਤ ਗਿੱਲ

ਪੰਜਾਬੀ ਨਾਵਲਕਾਰੀ ਵਿਚ ਦਿਨੋ ਦਿਨ ਪਕਿਆਈ ਆ ਰਹੀ ਹੈ। ਪਿਛਲੇ ਸਮੇਂ ਵਿਚ ਕਈ ਨਾਵਲਕਾਰ ਨਵੀਆਂ ਲਿਖਤਾਂ ਲੈ ਕੇ ਆਏ ਹਨ। ਜਿੰਨਾਂ ਵਿਚ ਦਹਿਸ਼ਟੀਕੋਂਨ, ਨੀਝ ਤੇ ਕੱਲਾ ਦੀ ਪਕਿਆਈ ਪਰਤੱਖ ਹੈ। ਜਸਦੇਵ ਸਿੰਘ ਧਾਲੀਵਾਲ ਇਹਨਾਂ ਨਾਵਲ-ਕਾਰਾਂ ਵਿਚੋਂ ਇਕ ਹੈ। ਜਿਸ ਨੇ ਥੋਹੜਾ ਸਮਾਂ ਪਹਿਲਾਂ ਆਪਣਾ ਤੀਜਾ ਵੱਡ ਅਕਾਰੀ ਨਾਵਲ 'ਕਾਲ ਦਿਨ' ਧਰਕਾਸ਼ਤ ਕੀਤਾ ਹੈ। ਜਸਦੇਵ ਸਿੰਘ ਧਾਲੀਵਾਲ ਬਹੁਤੇ ਪੰਜਾਬੀ ਲੇਖਕਾਂ ਵਾਂਗ ਪਿੰਡ ਦਾ ਜੰਮਪਲ ਹੈ। ਇਸ ਨੂੰ ਪੇਂਡੂ ਜੀਵਨ ਦੀ ਡੂੰਘੀ ਸਮਝ ਹੈ। ਕਿਸਾਨੀ ਦੀਆਂ ਸਾਰੀਆਂ ਤੇਹਾਂ ਦੀ ਮਾਨਸਿਕਤਾ ਚੱਜ ਅਚਾਰ ਤੇ ਸਦਾਚਾਰ ਬਾਰੇ ਇਸ ਨੂੰ ਪੂਰਨ ਗਿਆਨ ਹੈ। ਸਮੇਂ ਦੇ ਬਦਲਣ ਨਾਲ ਉਸਦਾ ਆਪਣਾ ਜਮਾਤੀ ਦਰਜਾ ਬਦਲਿਆ ਹੈ। ਜਿਸ ਨੇ ਅਚੇਤ ਤੇ ਸੁਚੇਤ ਤੌਰ ਤੇ ਉਸਦੀ ਨਾਵਲ ਕਲਾ ਨੂੰ ਪਰਭਾਵਤ ਕੀਤਾ ਹੈ। ਉਸਦੀ ਨਾਵਲ ਕਲਾ ਨੂੰ ਪਰਭਾਵਤ ਕੀਤਾ ਹੈ। ਪਰੰਤੂ ਉਹਦੀ ਵਡਿਆਈ ਇਹ ਹੈ ਕਿ ਉਹ ਆਪਣੇ ਨਿੱਜੀ ਅਨਭਵ ਤੇ ਤਜਰਬੇ ਰਾਹੀਂ ਪਰਾਪਤ ਯਥਾਰਥ ਨੂੰ ਸਹਿਜ ਭਾਵ ਵਿਚ ਪੇਸ਼ ਕਰਦਾ ਹੈ। ਕਿਸੇ ਪਾਸੇ ਉਲਾਰ ਨਹੀਂ ਹੁੰਦਾ। ਲਿਖਤ ਦਾ ਅਜਿਹਾ ਪੱਖ ਉਹਦੀ ਕਲਾ ਦਾ ਸਿਖਰ ਹੁੰਦਾ ਹੈ। ਪਰੰਤੂ ਜਦੋਂ ਉਹ ਸਮਕਾਲੀ ਰਾਜਸੀ ਲਹਿਰਾਂ ਤੇ ਘਟਨਾਵਾਂ ਦਾ ਵਰਨਣ ਕਰਦਾ ਹੈ ਤਾਂ ਅਕਸਰ ਅੰਤਰਮੁਖੀ ਤੇ ਉਲਾਰ ਹੋ ਜਾਂਦਾ ਹੈ ਅਤੇ ਆਪਣੇ ਪੇਤਲੇ ਰਾਜਸੀ ਗਿਆਨ ਦਾ ਪਰਗਟਾਵਾ ਕਰਦਾ ਹੈ ਤਾਂ ਉਸਦੀ ਲਿਖਤ ਦਾ ਕਲਾ ਪੱਖ ਕਮਜ਼ੋਰ ਪੈ ਜਾਂਦਾ ਹੈ।

'ਕਾਲੇ ਦਿਨ' ਇਕ ਧਨੀ ਕਿਸਾਨ ਪਰਵਾਰ ਦੇ ਟੁਟਣ ਤੇ ਜਗੀਰੂ ਸਦਾਚਾਰ ਦੇ ਵਿਗਠਣ ਦੀ ਗਾਥਾ ਹੈ। ਜਿਸ ਵਿਚ ਇਕ ਧਰਵਾਰ ਜਗੀਰੂ ਸਦਾਚਾਰ ਦੀ ਪੂਰਤੀ ਕਰਦਾ ਟੁੱਚ ਭੱਜਕੇ ਤਬਾਹ ਹੋ ਜਾਂਦਾ ਹੈ। ਨਾਵਲ ਦੀ ਨਾਇਕਾਂ ਦੀਆਂ ਪੰਜ ਭੂਆ ਹਨ। ਜਿਹਨਾਂ ਨੂੰ ਵਿਆਹੁਣ ਜਨੇਪੇ ਸਖੇਂ ਉਹਨਾਂ ਦਾ ਸ਼ੁਸ਼ਕ ਤੋਰਨ ਤੇ ਅੱਗੇ ਹੋਰ ਰਵਾਇਤਾਂ ਪੂਰੀਆਂ ਕਰਨ ਨਾਲ ਘਰ ਦੀ ਆਰਥਕਤਾ ਨਿਘਰ ਜਾਂਦੀ ਹੈ। ਖੇਤੀ ਦੇ ਮਸ਼ੀਨੀ ਕਰਨ ਤੋਂ ਪਹਿਲਾਂ ਖੇਤੀ ਆਮ ਸਰੀਰਕ ਸ਼ਕਤੀ ਨਾਲ ਇਕੱਲੇ ਕਾਰੇ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਸੀ, ਨਾਇਕਾ ਦਾ ਪਿਉ ਇਕੱਲਾ ਹੈ ਅਤੇ ਹੱਡ ਭਨਵੀਂ ਮਿਹਨਤ ਕਰਨ ਤੇ ਵੀ ਬਹੁਤਾ ਕੁਝ ਪਰਾਪਤ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਆਰਥਕ ਥੁੜਾਂ ਇਸ ਪਰਵਾਰ ਨੂੰ ਚਲਾਕ ਤੇ ਚੁਸਤ ਗਰੇਵਾਲਾ ਦਾ ਦਬੇਲ ਬਣਾ ਦਿੰਦੀਆਂ ਹਨ। ਇਸ ਤਰਾਂ ਜ਼ਮੀਨ ਹੋਰ ਜਾਂਦੀ ਰਹਿੰਦੀ ਹੈ। ਧਾਲੀਵਾਲ ਜਦੋਂ ਇਕ ਧਰਵਾਰ ਦੇ ਟੁਟਣ ਦਾ ਵਰਨਣ ਕਰਦਾ ਹੈ ਇਸ ਦੇ ਨਾਲ ਹੀ ਉਹ ਸਮੁੱਚੇ ਪੇਂਡੂ ਭਾਈਚਾਰੇ ਨੂੰ ਆਪਣੀ ਕਲਮ ਦੇ ਦਾਇਰੇ ਵਿਚ ਲੈ ਆਉਂਦਾ ਹੈ। ਜਿਥੇ ਧਨੀ ਕਿਸਾਨੀ, ਦਰਮਿਆਨੀ ਕਿਸਾਨੀ ਤੇ ਗਰੀਬ ਕਿਸਾਨੀ ਦੀ ਆਰਥਕ ਸਮਾ-ਜਿਕ ਸਥਿਤੀ ਦਾ ਵਰਨਣ ਕਰਦਾ ਹੈ, ਉਥੇ ਭੂਮੀਹੀਣ ਖੇਤ ਮਜਦੂਰ ਦੇ ਜੀਵਨ ਨੂੰ ਪੂਰੀ ਤਰਾਂ ਚਿਤਰਦਾ ਹੈ। ਧੰਨੋ ਆਪਣੀ ਜਮਾਤ ਦੀ ਪ੍ਰਤੀਨਿਧ ਪਾਤਰ ਹੈ। ਉਹ ਮਿਹਨਤੀ



ਨਿੱਡਰ ਦਲੇਰ ਤੇ ਸਬਰ ਵਾਲੀ ਇਸਤਰੀ ਹੈ। ਉਹਦਾ ਪਤੀ ਪੂਰਨ ਮਿਹਨਤੀ ਦੇ ਦਸਾਂ ਨਵਾਂ ਦੀ ਕਿਰਤ ਤੇ ਸਬਰ ਕਰਨ ਵਾਲਾ ਅਣਖੀ ਵਿਅਕਤੀ ਹੈ ਜਿਹੜਾ ਨੰਬਰਦਾਰਾਂ ਵਲੋਂ ਕੀਤੇ ਧੱਕੇ ਦਾ ਬਦਲਾ ਡਾਕੂਆਂ ਨਾਲ ਰਲਕੇ ਲੈਂਦਾ ਹੈ! ਜਮਾਤੀ ਚੇਤਨਾ ਤੇ ਜਮਾਤੀ ਜਥੇਬੰਦੀ ਤੋਂ ਧਹਿਲਾਂ ਅਨਿਆਂ ਤੇ ਧੱਕੇ ਵਿਰੁਧ ਲੜਨ ਦਾ ਇਕੋ ਇਕ ਵਿਅਕਤੀ-ਗਤ ਰਾਹ ਸੀ। ਜਿਹੜੇ ਅਣਖ ਵਾਲੇ ਲੋਕ ਅਪਣਾਉਂਦੇ ਸਨ। ਪੂਰਨ ਡਾਕੂ ਹੋ ਕੇ ਵੀ ਮਨੁੱਖਤਾ ਨਹੀਂ ਛੱਡਦਾ। ਡਾਕਾ ਮਾਰਨ ਸਮੇਂ ਘਰ ਦੀਆਂ ਇਸਤਰੀਆਂ ਨਾਲ ਸੁਚੱਜਾ ਤੇ ਰਵਾਇਤੀ ਵਿਵਹਾਰ ਤੇ ਸਤਿਕਾਰ ਕਰਦਾ ਹੈ। ਕੇਵਲ ਬਹੀ ਜਿਸ ਵਿਚ ਸਾਰੀ ਲਿਖਤ ਪੜ੍ਹਤ ਹੈ ਨੂੰ ਹੀ ਅੱਗੇ ਲਾਉਂਦਾ ਹੈ। ਪਰੰਤੂ ਆਪ ਵੀ ਡਾਕੂਆਂ ਨਾਲ ਹੀ ਮਾਰਿਆ ਜਾਂਦਾ ਹੈ।

ਨਾਇਕਾ ਦਾ ਪਿਤਾ ਆਮ ਕਿਸਾਨ ਹੈ ਜਿਹੜਾ ਆਰਥਿਕ ਬੋਝ ਥੱਲੇ ਦੱਬ ਜਾਂਦਾ ਹੈ। ਉਹ ਫੌਜ ਵਿਚ ਭਰਤੀ ਹੋ ਕੇ ਜੰਗ ਵਿਚ ਜਾਂਦਾ ਹੈ ਪਰੰਤੂ ਘਰ ਦੀ ਆਰਥਿਕ ਸਥਿਤੀ ਸੁਧਾਰਨ ਵਿਚ ਸਹਾਇਕ ਨਹੀਂ ਹੁੰਦਾ। ਘਰ ਆ ਕੇ ਸ਼ਰਾਬ ਪੀਣ ਤੇ ਅਫੀਮ ਖਾਣ ਲੱਗ ਪੈਂਦਾ ਹੈ। ਨਜਾਇਜ਼ ਸ਼ਰਾਬ ਕੱਢਦਾ ਹੈ ਤੇ ਕੈਦ ਹੋ ਜਾਂਦਾ ਹੈ। ਨਾਵਲ ਦੀ ਸਮੁੱਚੀ ਕਹਾਣੀ ਵਿਚ ਕੁਝ ਛੋਟੀਆਂ ਕਥਾਵਾਂ ਹਨ। ਜਿਵੇਂ ਨਾਇਕਾ ਦੀ ਵਾਰ ਵਾਲੀ ਭੂਆ ਦੇ ਘਰ ਵਾਲੇ ਦਾ ਵੈਲੀ ਹੋਣਾ ਤੇ ਉਸ ਦੀ ਭੂਆ ਤੇ ਲੜਕੀ ਦੇ ਵਾਪਸ ਬਿਸ਼ਨਪੁਰੇ ਆਉਣ ਦੀ ਗੱਲ ਹੈ। ਇਥੇ ਲੇਖਕ ਇਕ ਹੋਰ ਆਪਣੀ ਸੂਝ ਦਾ ਪ੍ਰਗਟਾਵਾ ਕਰਦਾ ਹੈ। ਨਾਇਕ ਦੀ ਭੂਆ ਦੀ ਕੁੜੀ ਦੀ ਬੋਲੀ ਕੇਂਦਰੀ ਪੰਜਾਬੀ ਹੈ। ਨਾਇਕਾ ਇਕ ਵੱਡੀ ਉਮਰ ਦੇ ਦੁਹਾਜੂ ਨੂੰ ਵਿਆਹੀ ਜਾਂਦੀ ਹੈ। ਉਸ ਬੰਦੇ ਵਿਚ ਜਿਥੇ ਕੁਝ ਜਗੀਰੂ ਆਦਤਾਂ ਹਨ, ਉਥੇ ਉਹ ਚੰਗਾ ਮਨੁੱਖ ਹੈ। ਜਿਸ ਨੂੰ ਆਪਣੀਆਂ ਘਾਟਾਂ ਤੇ ਕਮਜ਼ੋਰੀਆਂ ਦਾ ਅਹਿਸਾਸ ਹੈ। ਉਹ ਤੀਜਾ ਵਿਆਹ ਔਲਾਦ ਲਈ ਕਰਵਾਉਂਦਾ ਹੈ। ਪਰੰਤੂ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਹ ਆਪ ਔਲਾਦ ਪੈਦਾ ਕਰਨ ਦੇ ਸਮਰਥ ਨਹੀਂ ਹੈ ਤਾਂ ਵਿਆਹ ਕਰਵਾ ਕੇ ਨਾਇਕਾ ਦੀ ਜ਼ਿੰਦਗੀ ਬਰਬਾਦ ਕਰਨ ਤੇ ਪਛਤਾਵਾ ਕਰਦਾ ਹੈ। ਉਹ ਨਾਇਕਾ ਨੂੰ ਪੜ੍ਹਨ ਤੇ ਵਿਕਾਸ ਕਰਨ ਦਾ ਅਵਸਰ ਦਿੰਦਾ ਹੈ ਤੇ ਨਾਇਕਾ ਪੜ੍ਹ ਜਾਂਦੀ ਹੈ। ਬੇਸ਼ੱਕ ਇਹ ਯਥਾਰਥ ਨਹੀਂ ਹੈ। ਅਜਿਹਾ ਹੋਣਾ ਸੰਭਵ ਨਹੀਂ ਹੈ। ਪਰੰਤੂ ਇਹ ਇਛਤ-ਯਥਾਰਥ ਹੈ। ਲੇਖਕ ਚਾਹੁੰਦਾ ਹੈ ਕਿ ਅਜਿਹਾ ਹੋਵੇ ਤੇ ਇਸਤਰੀਆਂ ਜੀਵਨ ਸੰਗਰਾਮ ਵਿਚ ਜੂਝਣ ਤੇ ਸਫਲ ਹੋਣ।

ਨਾਇਕਾ ਦਾ ਭਰਾ ਬਲਦੇਵ ਪੜ੍ਹ ਕੇ ਨਕਸਲੀ ਬਣ ਜਾਂਦਾ ਹੈ। ਉਸ ਦੇ ਇਹ ਵਿਕਾਸ ਦੀ ਪ੍ਰਕਿਰਿਆ ਹਕੀਕੀ ਹੈ। ਉਹਨੇ ਮੁੱਢ ਵਿਚ ਆਰਥਿਕ ਥੁੜ੍ਹਾਂ ਦੇਖੀਆਂ ਹਨ। ਘਰ ਦੀ ਸਥਿਤੀ ਨੂੰ ਮਹਿਸੂਸ ਕੀਤਾ ਹੈ। ਉਸ ਦੇ ਚਿੰਤਨ ਨੇ ਉਸ ਨੂੰ ਚੇਤਨ ਕੀਤਾ ਹੈ। ਉਹ ਸਮਾਜ ਨੂੰ ਬਦਲਣ ਲਈ ਸੰਘਰਸ਼ ਵਿਚ ਕੁੱਦਦਾ ਹੈ। ਨਕਸਲੀ ਲਹਿਰ ਵਲੋਂ ਮਿੱਥੇ ਜਮਾਤੀ ਦੁਸ਼ਮਣਾਂ ਵਿਚ ਉਹਦਾ ਨਿੱਜੀ ਦੁਸ਼ਮਣ ਚਰਨੈਲ ਸਿੰਘ ਗਰੇਵਾਲ ਵੀ ਹੈ। ਜਿਸ ਨੇ ਉਹਨਾਂ ਦੀ ਵਧੀਆ ਜ਼ਮੀਨ ਹਥਿਆ ਕੇ ਉਹਨਾਂ ਦੇ ਹੱਥ ਠੂਠਾ ਫੜਾ ਦਿੱਤਾ ਸੀ।

ਉਹਨੂੰ ਮਾਰ ਦਿੱਤਾ ਜਾਂਦਾ ਹੈ। ਨਕਸਲੀ ਲਹਿਰ ਦੇ ਵਰਨਣ ਤੇ ਆਖ਼ਿਆਂ ਬਾਰੇ ਲੇਖਕ ਅੰਤਰਮੁਖੀ ਹੈ। ਉਹ ਰਵਾਇਤੀ ਕਮਿਊਨਿਸਟ ਲਹਿਰ ਨੂੰ ਰੱਦ ਕਰਦਾ ਹੈ। ਇਥੇ ਇਕਪਾਸੜ ਤੇ ਉਲਾਰ ਨਿਰਣੇ ਕਰਦਾ ਹੈ। ਕਮਿਊਨਿਸਟ ਲਹਿਰ ਤੇ ਉਸ ਦੇ ਵਿਗਾੜ ਇਕ ਗੱਲ ਤੇ ਕਮਿਊਨਿਸਟ ਸਿਧਾਂਤ ਦੂਜੀ ਗੱਲ ਹਨ। ਲੇਖਕ ਇਥੇ ਕਮਿਊਨਿਸਟ ਲਹਿਰ ਦੀਆਂ ਘਾਟਾਂ ਤੇ ਕਮਜ਼ੋਰੀਆਂ ਦੀ ਆੜ ਵਿਚ ਬੁਨਿਆਦੀ ਕਮਿਊਨਿਸਟ ਸਿਧਾਂਤਾਂ ਨੂੰ ਨਕਾਰਦਾ ਹੈ। ਇਹ ਦਰੁਸਤ ਨਹੀਂ ਹੈ। ਸਮਾਜਿਕ ਤਬਦੀਲੀ ਲਈ ਜਮਾਤਾਂ ਦੇ ਵਿਰੋਧ ਤੇ ਉਹਨਾਂ ਦੇ ਸੰਘਰਸ਼ ਨੂੰ ਸਮਝਣਾ ਜ਼ਰੂਰੀ ਹੈ। ਇਹ ਜਮਾਤ ਵਿਰੁੱਧ ਜਮਾਤ ਦੀ ਲੜਾਈ ਹੈ, ਵਿਅਕਤੀਆਂ ਵਿਰੁੱਧ ਵਿਅਕਤੀਆਂ ਦੀ ਨਹੀਂ। ਜਿਵੇਂ ਕਿ ਨਕਸਲੀਆਂ ਨੇ ਅਮਲ ਵਿਚ ਕੀਤਾ। ਜੇਕਰ ਰਵਾਇਤੀ ਕਮਿਊਨਿਸਟ ਲਹਿਰ ਵਿਚ ਵਿਗਾੜ ਆਏ ਤੇ ਉਹਨਾਂ ਨੇ ਲਹਿਰ ਦਾ ਨੁਕਸਾਨ ਕੀਤਾ। ਉਹਨਾਂ ਨਾਲੋਂ ਵੱਧ ਲਹਿਰ ਦਾ ਨੁਕਸਾਨ ਨਕਸਲੀ ਲਹਿਰ ਦੇ ਖੱਬੇ ਕੁਰਾਹੇ ਨੇ ਕੀਤਾ। ਕਮਿਊਨਿਸਟ ਸਿਧਾਂਤਾਂ ਤੇ ਰਵਾਇਤਾਂ ਨੂੰ ਤੋੜਿਆ। ਬਣ ਸਕਣ ਵਾਲੇ ਇਨਕਲਾਬੀਆਂ ਨੂੰ ਮਰਵਾਇਆ। ਜਮਾਤ ਨੂੰ ਚੇਤਨ ਤੇ ਜਥੇਬੰਦ ਕਰਨ ਤੋਂ ਬਿਨਾਂ ਕੁਝ ਹਥਿਆਰਬੰਦ ਵਿਅਕਤੀਆਂ ਵਲੋਂ ਕੀਤੇ ਐਕਸ਼ਨ ਵਿਰੋਧੀ ਜਮਾਤ ਨੂੰ ਕਮਜ਼ੋਰ ਨਹੀਂ ਕਰਦੇ ਬਲਕਿ ਦੱਬੇ ਕੁਚਲੇ ਲੋਕਾਂ ਤੇ ਵਿਚਾਰਧਾਰਕ ਤੇ ਸਰੀਰਕ ਹਮਲਿਆਂ ਦਾ ਅਵਸਰ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਹਾਕਮ ਜਮਾਤ ਨੂੰ ਇਨਕਲਾਬੀਆਂ ਨੂੰ ਲੋਕਾਂ ਨਾਲੋਂ ਨਖੇੜਨਾ ਤੇ ਮਾਰਨਾ ਸੌਖਾ ਹੋ ਜਾਂਦਾ ਹੈ। ਇਸ ਨਾਲ ਲੁੱਟੇ ਜਾਂਦੇ ਲੋਕਾਂ ਦੀ ਲਹਿਰ ਨੂੰ ਨੁਕਸਾਨ ਹੁੰਦਾ ਹੈ ਤੇ ਉਹ ਨਿਸਲ ਤੇ ਬੇਹਰਕਤੇ ਹੋ ਜਾਂਦੇ ਹਨ।

ਇਥੇ ਲੇਖਕ ਦੇ ਆਪਣੇ ਜਮਾਤੀ ਦਰਜੇ ਨੂੰ ਵੀ ਦਖਲ ਪ੍ਰਾਪਤ ਹੈ। ਲੇਖਕ ਪੇਟੀ ਬੁਰਜਵਾ ਜਮਾਤ ਵਿਚੋਂ ਹੈ। ਉਸ ਨੂੰ ਅਮਲੀ ਤੌਰ ਤੇ ਜਮਾਤੀ ਸੰਘਰਸ਼ ਤੇ ਸੰਘਰਸ਼ ਕਰ ਰਹੇ ਲੋਕਾਂ ਨਾਲ ਕੋਈ ਸਰੋਕਾਰ ਨਹੀਂ ਹੈ। ਉਹ ਚਿੰਤਨ ਦੇ ਪੱਧਰ ਤੇ ਹੀ ਵਿਚਰਦਾ ਤੇ ਲਹਿਰ ਨਾਲ ਲਫ਼ਜ਼ੀ ਛੇੜਛਾੜ ਕਰਦਾ ਹੈ।

(2)

ਨਾਵਲ ਵਿਚ ਲੇਖਕ ਬਹੁਤ ਵੱਡੇ ਕੈਨਵਸ ਤੇ ਵਿਚਰਦਾ ਹੈ ਅਤੇ ਆਪਣੇ ਸਰਬ-ਪੱਖੀ ਗਿਆਨ ਦਾ ਪ੍ਰਗਟਾਵਾ ਕਰਦਾ ਹੈ ਆਪਣੇ ਜਮਾਤੀ ਦਰਜੇ ਰਾਹੀਂ ਪ੍ਰਾਪਤ ਗਿਆਨ ਨੂੰ ਨਾਵਲ ਵਿਚ ਪੇਸ਼ ਕਰਦਾ ਹੈ। ਉਹ ਜਿਸ ਵਿਅਕਤੀ ਨੂੰ ਚਿਤਰਦਾ ਹੈ, ਉਹਦੇ ਜਮਾਤੀ ਕਿਰਦਾਰ ਅਨਸਾਰ, ਉਹਦੇ ਸਮਾਜਿਕ ਦਰਜੇ ਅਨਸਾਰ ਉਸਦੇ ਵਿਵਹਾਰ ਨੂੰ ਚਿਤਰਦਾ ਹੈ। ਪੁਲਿਸ ਅਫਸਰ ਮਾਰਕੰਡਾ, ਬਹਾਲ ਸਿੰਘ ਤੇ ਹੋਰਨਾਂ ਨੂੰ ਉਹਨਾਂ ਦੇ ਰਵਾਇਤੀ ਕਿਰਦਾਰ ਅਨੁਸਾਰ ਚਿਤਰਦਾ ਹੈ। ਇਸੇ ਤਰ੍ਹਾਂ ਹੋਰ ਅਸਫ਼ਰਸ਼ਾਹੀ ਡੀ. ਸੀ., ਐਸ. ਐਸ. ਪੀ., ਐਸ. ਡੀ. ਓ ਰਵਾਇਤੀ ਤੇ ਆਪਣੇ ਪੇਸ਼ੇ ਦੇ ਪ੍ਰਤੀਨਿਧ ਪਾਤਰਾਂ ਵਜੋਂ ਚਿਤਰੇ ਹਨ। ਇਸੇ ਤਰ੍ਹਾਂ ਰਾਜਸੀ ਨੇਤਾ ਜਰਨੈਲ ਸਿੰਘ, ਰਾਹੀਂ ਤੇ ਹੋਰ ਮੰਤਰੀ ਆਪਣੇ ਪੇਸ਼ੇ ਦੇ ਪ੍ਰਤੀਨਿਧ ਪਾਤਰ ਹਨ। ਅੱਗੇ ਰਾਜਸੀ ਲੀਡਰਾਂ ਦੇ ਚਮਚੇ ਤੇ ਹੱਥਠੋਕੇ ਹਨ। ਜਰਨੈਲ



ਸਿੰਘ ਦਾ ਕਾਰਮੁਖਤਿਆਰ ਸਭ ਕੁਝ ਕਰਦਾ ਹੈ। ਰਿਸ਼ਵਤ ਲੈਂਦਾ ਹੈ। ਬਦਚਲਨੀ ਕਰਦਾ ਹੈ। ਲੋਕਾਂ ਤੇ ਹਾਕਮ ਧੜੇ ਦਾ ਰੋਹਬ ਦੇ ਕੇ ਦਬਾਉਂਦਾ ਹੈ। ਉਹ ਲੋਕਾਂ ਦੀ ਨਫ਼ਰਤ ਦਾ ਪਾਤਰ ਹੈ ਪਰੰਤੂ ਲੋਕ ਉਸ ਵਿਰੁੱਧ ਚੇਤਨ ਤੇ ਜਥੇਬੰਦ ਹੋ ਕੇ ਨਹੀਂ ਲੜਦੇ। ਇਸੇ ਤਰ੍ਹਾਂ ਰਾਜਨੀਤੀ ਵਿਚ ਉਭਰਨ ਵਾਲੇ ਉਪ ਨੇਤਾ ਚੇਅਰਮੈਨ ਸੁੱਖੀ, ਅਖੌਤੀ ਸੰਤ ਜਿਹੜਾ ਲੋਕ ਸੇਵਾ ਦੇ ਨਾਂ ਥੱਲੇ ਚੌਧਰ ਦੀ ਹਵਸ ਪਾਲਦਾ ਹੈ। ਸਰਕਾਰ ਕਿਸੇ ਪਾਰਟੀ ਦੀ ਹੋਵੇ ਪਰੰਤੂ ਚੌਧਰ ਚੌਧਰੀਆਂ ਦੀ ਕਾਇਮ ਰਹਿੰਦੀ ਹੈ। ਸਰਕਾਰ ਚਲਾ ਰਹੀ ਪਾਰਟੀ ਦੇ ਬੰਦਿਆਂ ਨੂੰ ਆਪਣੇ ਧੜੇ ਦੇ ਬੰਦਿਆਂ ਨੂੰ ਖੁਸ਼ ਕਰਨ ਦੀ ਥਾਂ ਵਿਰੋਧੀ ਧਿਰ ਦੇ ਬੰਦਿਆਂ ਨੂੰ ਖੁਸ਼ ਕਰਨ ਦੀ ਵਧ ਲਾਲਸਾ ਹੁੰਦੀ ਹੈ। ਇਸੇ ਤਰ੍ਹਾਂ ਸੁੱਖੀ ਵਿਰੋਧੀ ਮੁਖ ਮੰਤਰੀ ਤੋਂ ਵੀ ਆਪਣੀ ਚੌਧਰ ਪੱਕੀ ਕਰਨ ਵਿਚ ਸਫਲ ਹੋ ਜਾਂਦਾ ਹੈ। ਇਹ ਕੁਝ ਹਾਕਮ ਜਮਾਤ ਦੇ ਜਮਾਤੀ ਕਰਦਾਰ ਨੂੰ ਨੰਗਾ ਕਰਦਾ ਹੈ। ਜਮਾਤੀ ਵੰਡ ਵਾਲੇ ਸਮਾਜ ਵਿਚ ਲੁੱਟ ਅਵੱਸ਼ ਹੁੰਦੀ ਹੈ। ਲੋਟੂ ਜਮਾਤ ਲੁੱਟੇ ਜਾਂਦਿਆਂ ਨੂੰ ਆਰਥਿਕ ਪੱਖੋਂ ਹੀ ਨਹੀਂ ਲੁੱਟਦੀ। ਉਹਨਾਂ ਦੀ ਸਮਾਜਿਕ ਤੇ ਸਦਾਚਾਰਕ ਲੁੱਟ ਵੀ ਕਰਦੀ ਹੈ। ਮਾਰਕੰਡਾ ਵੱਡਾ ਪੁਲਿਸ ਅਫਸਰ ਹੈ। ਉਸ ਨੂੰ ਰੁਪੈ ਦੀ ਹਵਸ ਨਹੀਂ ਹੈ। ਬੇਸ਼ਕ ਇਹ ਵੀ ਅਲੋਕਾਰ ਗੱਲ ਹੈ, ਪਰੰਤੂ ਪਰਾਈ ਇਸਤਰੀ ਭੋਗਣ ਵਿਚ ਕੋਈ ਦੋਸ਼ ਨਹੀਂ ਸਮਝਦਾ। ਗਰੇਵਾਲ ਦਾ ਮੁਖਤਿਆਰ ਗਰੀਬ ਤੇ ਬੇਆਸਰਾ ਕੁੜੀਆਂ ਦੀ ਪੱਤ ਲੁੱਟਦਾ ਹੈ। ਨਕਸਲੀ ਲਹਿਰ ਵਿਚ ਇਸ ਮਸਲੇ ਨੂੰ ਜਮਾਤੀ ਸੰਘਰਸ਼ ਦਾ ਅਧਾਰ ਬਣਾਇਆ ਸੀ ਤੇ ਬਦਚਲਨੀ ਦੇ ਦੋਸ਼ ਵਿਚ ਬਹੁਤ ਸਾਰੇ ਵਿਅਕਤੀਆਂ ਦੇ ਕਤਲ ਕੀਤੇ ਸਨ। ਜਦੋਂ ਕਿ ਬਦਚਲਣੀ ਇਕ ਸਮਾਜਿਕ ਤੇ ਜਮਾਤੀ ਵਰਤਾਰਾ ਹੈ। ਜਗੀਰੂ ਪ੍ਰਥਾ ਅਧੀਨ ਇਹ ਅਵੱਸ਼ ਹੁੰਦੀ ਹੈ। ਕਿਸੇ ਸਮਾਜਿਕ ਬੁਰਾਈ ਨੂੰ ਸਮਾਜੀ ਤੇ ਸਮੂਹਿਕ ਯਤਨਾਂ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ ਵਿਅਕਤੀ-ਗਤ ਯਤਨਾਂ ਰਾਹੀਂ ਨਹੀਂ। ਇਹ ਕੁਝ ਸਰਮਾਏਦਾਰੀ ਪ੍ਰਥਾ ਵਿਚ ਵੀ ਹੁੰਦਾ ਹੈ, ਪਰੰਤੂ ਉਥੇ ਢਂਗ ਬਦਲ ਜਾਂਦੇ ਹਨ। ਸਰਮਾਏਦਾਰ ਪ੍ਰਥਾ ਵਿਚ ਇਸ ਨੂੰ ਚੁੱਪ ਕੀਤੇ ਨੀਮ ਰਜ਼ਾਮੰਦੀ ਨਾਲ ਕਬੂਲ ਲਿਆ ਜਾਂਦਾ ਹੈ। ਜਗੀਰੂ ਪ੍ਰਥਾ ਵਾਂਗ ਢੰਡੋਰਾ ਨਹੀਂ ਪਿਟਿਆ ਜਾਂਦਾ। ਲੁੱਟ ਕੇਵਲ ਲੋਟੂ ਜਮਾਤ ਹੀ ਨਹੀਂ ਕਰਦੀ ਉਸ ਦੇ ਏਜੰਟ ਵੀ ਕਰਦੇ ਹਨ ਜਿਵੇਂ ਤਾਜੋ ਵਾਲਾ ਸਾਧ ਹਕੀਕਤ ਵਿਚ ਇਕ ਰਹਿ ਚੁਕਿਆ ਮੁਜਰਮ ਹੈ ਲੋਕਾਂ ਨੂੰ ਧੋਖਾ ਦੇਣ ਤੇ ਲੁੱਟਣ ਲਈ ਸਾਧਗੀਰੀ ਦਾ ਪਖੰਡ ਕਰਦਾ ਹੈ। ਆਮ ਲੋਕਾਂ ਨੂੰ ਆਰਥਿਕ ਤੇ ਸਰੀਰਕ ਪੱਖ ਤੋਂ ਲੁੱਟਦਾ ਹੈ। ਇਮਲੀ ਵਾਲੇ ਡੇਰੇ ਵਾਲਾ ਸਾਧ ਜਿਥੇ ਆਪਣੇ ਆਰਥਿਕ ਹਿੱਤਾਂ ਬਾਰੇ ਚੇਤਨ ਹੈ ਉਥੇ ਨਕਸਲੀ ਲਹਿਰ ਦੇ ਹੱਕ ਵਿਚ ਵੀ ਖੜ੍ਹਦਾ ਹੈ। ਇਹ ਪਾਤਰ ਮਿਲਗੋਭਾ ਹੈ ਲੇਖਕ ਸਮਾਜ ਵਿਚ ਵਿਆਪਤ ਕੁਰਪਸ਼ਨ ਦਾ ਬਿਆਨ ਬਹੁਤ ਵਿਸਥਾਰ ਨਾਲ ਕਰਦਾ ਹੈ, ਪਰੰਤੂ ਆਪਾ ਵਿਰੋਧੀ ਗੱਲਾਂ ਕਰਦਾ ਹੈ। ਉਹ ਇਹ ਵੀ ਸਮਝਦਾ ਹੈ ਕਿ ਕੁਰਪਸ਼ਨ ਇਕ ਸਮਾਜਿਕ ਵਰਤਾਰਾ ਹੈ। ਕੁਝ ਵਿਅਕਤੀਆਂ ਦੀ ਈਮਾਨ-ਦਾਰੀ ਇਸ ਨੂੰ ਰੋਕ ਨਹੀਂ ਸਕਦੀ। ਨਾਵਲ ਦਾ ਇਕ ਪਾਤਰ ਨਾਇਕਾ ਨਾਲ ਗੱਲ ਕਰਦਾ ਕਹਿੰਦਾ ਹੈ "ਧਰ ਜੀ ਕੋਈ ਵਿਅਕਤੀ, ਕਿੰਨਾ ਵੀ ਹੀਰੋ ਹੋਵੇ, ਮਾਸ ਮੂਵਮੈਂਟ ਦਾ ਬਦਲ ਨਹੀਂ ਹੋ ਸਕਦਾ। ਜਦ ਤਾਈਂ ਲੋਕ ਸਾਥ ਨਾ ਦੇਣ ਕਾਮਯਾਬੀ ਕਿਵੇਂ ਵੀ ਯਕੀਨੀ

ਨਹੀਂ।" (ਸਫ਼ਾ 270) ਇਹ ਕੁਝ ਵਿਗਿਆਨਕ ਸੱਚ ਹੈ, ਸਮਾਜ ਨੂੰ ਬਦਲਣ ਲਈ ਲੋਕਾਂ ਨੂੰ ਬਦਲਣਾ ਜ਼ਰੂਰੀ ਹੈ, ਪਰੰਤੂ ਲੇਖਕ ਆਪ ਇਸ ਸਚਾਈ ਨੂੰ ਆਧਾਰ ਨਹੀਂ ਬਣਾਉਂਦਾ, ਉਹਦੇ ਪਾਤਰ ਖਾਸ ਕਰਕੇ ਨਕਸਲੀ ਲਹਿਰ ਨਾਲ ਸੰਬੰਧਿਤ ਪਾਤਰ ਬਲਦੇਵ ਤੇ ਉਹਦੇ ਸਾਥੀ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਦੇ। ਲੇਖਕ ਆਪ ਵੀ ਡਾਵਾਂ ਡੋਲ ਹੀ ਹੈ। ਉਹਨੂੰ ਸੰਸਾਰ ਵਿਚ ਕੁਰਪਸ਼ਨ ਸਭ ਥਾਂ ਦਿੱਸਦੀ ਹੈ ਅਤੇ ਇਸ ਦਾ ਕੋਈ ਇਲਾਜ ਨਹੀਂ ਦਿੱਸਦਾ। ਇਮਲੀ ਦੇ ਡੇਰੇ ਵਾਲਾ ਸਾਧ ਕਹਿੰਦਾ ਹੈ—"ਭਾਈ ਬਲਦੇਵ ਸਿਆਂ ਸੌਹਰੇ ਲੋਕਾਂ ਨੂੰ ਕੀ ਹੋ ਗਿਆ ਭੋਲਿਆ ? ਸੌਹਰੇ ਪੈਸੇ ਬਿਨਾਂ ਹੋਰ ਗੱਲ ਹੀ ਨਹੀਂ ਕਰਦੇ, ਜਿਵੇਂ ਪੈਸਾ ਹੀ ਦੀਨ ਈਮਾਨ ਹੋਵੇ ?" ਬਲਦੇਵ ਵਿਗਿਆਨਕ ਉੱਤਰ ਦਿੰਦਾ ਹੈ "ਸੰਤ ਜੀ ਇਹਦੇ ਵਿਚ ਸਾਰਾ ਕਸੂਰ ਸਿਸਟਮ ਦਾ ਹੈ ਨਿਜ਼ਾਮ ਦਾ ਹੈ" ਪਰੰਤੂ ਲੇਖਕ ਇਥੇ ਰੂਸ ਦੀ ਉਦਾਹਰਨ ਦੇ ਕੇ ਦੱਸਦਾ ਹੈ ਕਿ ਕੁਰਪਸ਼ਨ ਉਥੇ ਵੀ ਹੈ ਭਾਵ ਕਹਿਣਾ ਇਹ ਚਾਹੁੰਦਾ ਹੈ ਕਿ ਅਟੱਲ ਤੇ ਅਰੋਕ ਹੈ। ਇਸ ਤਰ੍ਹਾਂ ਕਮਿਊਨਿਸਟ ਲਹਿਰ ਨੂੰ ਰੂਸ ਦੀ ਏਜੰਟ ਦੱਸ ਕੇ ਕਈ ਸਫ਼ੇ ਖਰਾਬ ਕਰਦਾ ਹੈ। ਪਰੰਤੂ ਜਦੋਂ ਸਰਕਾਰੀ ਜਬਰ ਦੀ ਗੱਲ ਕਰਦਾ ਹੈ ਤਾਂ ਉਸ ਨੂੰ ਪੂਰੀ ਤਰ੍ਹਾਂ ਨੰਗਾ ਕਰਦਾ ਹੈ ਕੋਈ ਲਿਹਾਜ਼ ਨਹੀਂ ਕਰਦਾ। ਹਰ ਪੱਖੋਂ ਬਖੀਏ ਉਧੇੜਦਾ ਹੈ। ਆਮ ਲੋਕਾਂ ਨਾਲ ਤਾਂ ਜੋ ਹੁੰਦੀ ਹੈ ਸੋ ਹੁੰਦੀ ਹੈ। ਲੋਕਾਂ ਦੇ ਚੁਣੇ ਹੋਏ ਪੰਚਾਂ ਸਰਪੰਚਾਂ ਦੀ ਕੇਵਲ ਬੇਇਜ਼ਤੀ ਹੀ ਨਹੀਂ ਕੀਤੀ ਜਾਂਦੀ ਬਲਕਿ ਸਰੀਰਕ ਤੌਰ ਤੇ ਮਾਰ ਕੁੱਟ ਤੱਕ ਕੀਤੀ ਜਾਂਦੀ ਹੈ।

## ( 3 )

ਨਾਵਲਕਾਰ ਜਗੀਰੂ ਸਮਾਜ ਵਿਚ ਰਿਸ਼ਤਿਆਂ ਦੇ ਰਵਾਇਤੀ ਵਿਵਹਾਰ ਦਾ ਵਰਨਣ ਬਹੁਤ ਵਿਸਥਾਰ ਨਾਲ ਕਰਦਾ ਹੈ। ਜਗੀਰੂ ਸਮਾਜ ਇਸ ਪੱਖੋਂ ਇਕ ਸੰਘਣੇ ਮੰਜੇ ਵਾਂਗ ਬੁਣਿਆ ਹੋਇਆ ਹੁੰਦਾ ਹੈ, ਜਿਸ ਵਿਚ ਰਿਸ਼ਤਿਆਂ ਨੂੰ ਦਰਜੇ ਅਨੁਸਾਰ ਮਾਨਤਾ ਦਿੱਤੀ ਜਾਂਦੀ ਹੈ ਤੇ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਹੈ। ਪਰੰਤੂ ਇਹ ਰਿਸ਼ਤੇ ਵੀ ਹਿੱਤਾਂ ਤੇ ਉਸਰੇ ਹੋਏ ਹੁੰਦੇ ਹਨ। ਹਿੱਤਾਂ ਦੇ ਟਕਰਾਅ ਨਾਲ ਤਿੜਕ ਜਾਂਦੇ ਹਨ। ਬਹੁਤੀ ਦੇਰ ਰਿਸ਼ਤੇ ਦੇ ਪਰਦੇ ਹੇਠ ਠੱਗੀ ਵੀ ਕੀਤੀ ਜਾਂਦੀ ਹੈ। ਜਿਵੇਂ ਨਾਇਕਾ ਦਾ ਫੁੱਫੜ ਨਾਇਕਾ ਦੇ ਵਿਆਹ ਸੰਬੰਧੀ ਕਰਦਾ ਹੈ। ਨਾਇਕਾ ਦਾ ਪਤੀ ਵੀ ਉਸ ਦਾ ਰਿਸ਼ਤੇਦਾਰ ਹੁੰਦਾ ਹੈ ਪਰੰਤੂ ਨਾਇਕਾ ਨਾਲ ਵਿਆਹ ਕਰਾਉਣ ਦੇ ਇਵਜ਼ ਵਿਚ ਉਸ ਤੋਂ ਪੰਜ ਹਜ਼ਾਰ ਰੁਪੈ ਪ੍ਰਾਪਤ ਕਰਦਾ ਹੈ ਤੇ ਹੋਰ ਪੰਜ ਹਜ਼ਾਰ ਦੀ ਮੰਗ ਕਰਦਾ ਹੈ। ਇਸੇ ਤਰ੍ਹਾਂ ਨਾਇਕਾ ਦੀਆਂ ਭੂਆਵਾਂ ਨੂੰ ਆਪਣੇ ਭਰਾ ਨਾਇਕਾ ਦੇ ਪਿਤਾ ਦੀ ਕਬੀਲਦਾਰੀ ਦਾ ਕੋਈ ਖਿਆਲ ਨਹੀਂ। ਉਹ ਹਰ ਸਮੇਂ ਆਪਣੀ ਆਰਥਿਕ ਹਿੱਤ ਪ੍ਰਾਪਤ ਕਰਨ ਲਈ ਤੱਤਪਰ ਰਹਿੰਦੀਆਂ ਹਨ। ਪਰੰਤੂ ਆਪ ਨਾਇਕਾ ਜਗੀਰੂ ਰਵਾਇਤਾਂ ਅਨੁਸਾਰ ਰਿਸ਼ਤਿਆਂ ਦੀ ਪਾਲਨਾ ਕਰਦੀ ਹੈ। ਉਹ ਆਪਣੀ ਭੂਆ ਦੇ ਪੁੱਤਰ ਨੂੰ ਅਪਣੇ ਸੱਕੇ ਭਰਾ ਤੋਂ ਵੱਧ ਪਿਆਰਦੀ ਹੈ। ਆਪਣੇ ਪਤੀ ਨੂੰ ਤਨੋਂ ਮਨੋਂ ਸਤਿਕਾਰਦੀ ਹੈ। ਜਦੋਂ ਉਸ ਦਾ ਪਤੀ ਆਪਣੇ ਨਿਤਾਣੇਪਣ ਤੇ ਝੂਰ ਕੇ ਉਸ ਨੂੰ ਕਿਸੇ ਹੋਰ ਨਾਲ ਵਿਆਹ ਕਰਵਾਉਣ ਦੀ ਗੱਲ ਕਹਿੰਦਾ ਹੈ ਤਾਂ ਉਹ ਤੜਪ ਉੱਠਦੀ



ਹੈ। ਜਗੀਰੂ ਪ੍ਰਥਾ ਇਸਤਰੀ ਤੋਂ ਇਸੇ ਰਵਾਇਤੀ ਵਫ਼ਾਦਾਰੀ ਦੀ ਮੰਗ ਕਰਦੀ ਹੈ। ਇਸੇ ਨੂੰ ਇਸਤਰੀ ਦੀ ਸਭ ਤੋਂ ਵੱਡੀ ਸਿਫਤ ਦੱਸਦੀ ਹੈ। ਰਿਸ਼ਤਿਆਂ ਦਾ ਰਵਾਇਤੀ ਆਦਰ ਤੇ ਸਤਿਕਾਰ ਜਗੀਰੂ ਪ੍ਰਥਾ ਦਾ ਉੱਤਮ ਮਨੁੱਖੀ ਗੁਣ ਸੀ। ਜਿਹੜਾ ਸਰਮਾਏਦਾਰੀ ਪ੍ਰਥਾ ਦੀ ਮਾਰ ਅਧੀਨ ਦਿਨੋਂ-ਦਿਨ ਖਤਮ ਹੋ ਰਿਹਾ ਹੈ। ਸਰਮਾਏਦਾਰੀ ਪ੍ਰਥਾ ਜਗੀਰੂ ਸਮੂਹਿਕਤਾ ਤੋੜਕੇ ਵਿਅਕਤੀਗਤ ਹਿਤਾਂ ਦੀ ਗੱਲ ਕਰਦੀ ਹੈ। ਜਿਸ ਅਧੀਨ ਮਨੁੱਖ ਦਿਨੋ-ਦਿਨ ਖ਼ੁਦਗਰਜ ਹੁੰਦਾ ਜਾ ਰਿਹਾ ਹੈ।

ਨਾਇਕਾ ਸੰਸਾਰਕ ਪੱਖੋਂ ਅਧੂਰਾ ਜੀਵਨ ਜਿਉਂਦੀ ਹੈ। ਉਸਦਾ ਪਤੀ ਉਸਦੇ ਸਰੀਰ ਤੇ ਮਨ ਦਾ ਹਾਣੀ ਨਹੀਂ। ਫਿਰ ਵੀ ਚੰਗਾ ਵਿਅਕਤੀ ਹੈ। ਨਾਇਕਾ ਤੇ ਕੋਈ ਜਬਰ ਨਹੀਂ ਕਰਦਾ ਉਸਦੇ ਵਿਕਾਸ ਵਿਚ ਰੋੜਾ ਨਹੀਂ ਅਟਕਾਉਂਦਾ। ਆਪਣੀ ਘਾਟ ਦਾ ਸੱਚੇ ਦਿਲੋਂ ਇਕਬਾਲ ਕਰਦਾ ਹੈ। ਫਿਰ ਵੀ ਨਾਇਕਾ ਦਾ ਜੀਵਨ ਨੀਰਸ ਹੋ ਜਾਣਾ ਸੀ। ਉਸ ਲਈ ਜੀਵਨ ਦਾ ਮਨੋਰਥ ਖਤਮ ਹੋ ਜਾਣਾ ਸੀ। ਪਰੰਤੂ ਵਿਦਿਆ ਦਾ ਚਾਨਣ ਤੇ ਕਾਲਜ ਵਿਚ ਪੜ੍ਹਾਉਣ ਨਾਲ ਉਚ ਸਮਾਜ ਨਾਲ ਜੁੜ ਜਾਂਦੀ ਹੈ ਅਤੇ ਆਪਣੇ ਜੀਵਨ ਨੂੰ ਲੋਕ ਸੰਘਰਸ਼ਾਂ ਨਾਲ ਜੋੜ ਕੇ ਸਾਰਥਕ ਬਣਾਉਂਦੀ ਹੈ। ਇਸ ਤਰ੍ਹਾਂ ਜਿਥੇ ਸੰਘਰਸ਼ਸ਼ੀਲ ਪਾਤਰ ਬਲਦੇਵ ਮਾਰਿਆ ਜਾਂਦਾ ਹੈ। ਉਥੇ ਲੋਕ ਚੰਗੇ ਭਵਿੱਖ ਲਈ ਸੰਘਰਸ਼ ਵਿਚ ਕੁੱਦਦੇ ਹਨ। ਪਰੰਤੂ ਇਥੇ ਲੇਖਕ ਫਿਰ ਆਪਣੀ ਅਗਿਆਨਤਾ ਦਾ ਪਰਗਟਾਵਾ ਕਰਦਾ ਹੈ। ਉਹ ਕਹਿੰਦਾ ਹੈ ਕਿ ਇਨਕਲਾਬ ਕਮਿਊਨਿਸਟਾਂ ਤੋਂ ਬਿਨਾਂ ਵੀ ਆਵੇਗਾ। ਇਨਕਲਾਬ ਲਈ ਜਮਾਤੀ ਸੰਘਰਸ਼ ਤੇ ਇਨਕਲਾਬੀ ਸਿਧਾਂਤ ਤੇ ਇਨਕਲਾਬੀ ਪਾਰਟੀ ਦੀ ਲੋੜ ਹੈ। ਉਹ ਮਾਰਕਸਵਾਦ-ਲੈਨਿਨਵਾਦ ਤੋਂ ਬਿਨਾਂ ਕੋਈ ਨਹੀਂ। ਇਸ ਸਿਧਾਂਤ ਨੂੰ ਮੰਨਣ ਵਾਲੇ ਕਮਿਊਨਿਸਟ ਹੀ ਹੋਣਗੇ, ਬੇਸ਼ਕ ਉਹਨਾਂ ਦਾ ਨਾਂ ਕੁੱਝ ਹੋਰ ਹੋਵੇ, ਘਾਟਾਂ ਤੇ ਕਮਜ਼ੋਰੀਆਂ ਦੇ ਬਾਵਜੂਦ ਨਾਵਲ ਸਮਾਜ ਦਾ ਵਿਸ਼ਲੇਸ਼ਨ ਕਰਕੇ ਇਸ ਨੂੰ ਬਦਲਣ ਲਈ ਸੰਘਰਸ਼ ਕਰਨ ਦਾ ਸੱਦਾ ਦਿੰਦਾ ਹੈ। ਇਹ ਨਾਵਲ ਦੀ ਪਰਾਪਤੀ ਹੈ।

## ( 4 )

ਨਾਵਲ ਵਿਚ ਜਿਥ ਸਮੁੱਚੇ ਸਮਾਜ ਦੇ ਸਮਕਾਲੀ ਵਰਤਾਰੇ ਬੁਰਜਵਾ ਪ੍ਰਥਾਂ ਦੇ ਆਗਮਨ ਤੇ ਨਾਲ ਹੀ ਉਸਦੇ ਭੈੜੇ ਪੱਖਾਂ, ਸਰਕਾਰੀ ਜ਼ਬਰ, ਵਿਭਚਾਰ, ਕੁਰੱਪਸ਼ਨ, ਠੱਗੀ ਮਨੁੱਖੀ ਕਦਰਾਂ ਦੀ ਨਿਰਾਦਰੀ ਦਾ ਵਰਨਣ ਹੈ, ਉਥੇ ਮੁੱਖ ਤੌਰ ਜਗੀਰੂ ਪ੍ਰਥਾ ਦੇ ਸਾਰ ਪੱਖਾਂ ਤੋਂ ਢਹਿ ਢੇਰੀ ਹੋਣ ਤੇ ਵਿਗਠਨ ਦਾ ਵਰਨਣ ਹੈ। ਸਭ ਤੋਂ ਵਧ ਜਗੀਰੂ ਸਦਾਚਾਰ ਦੇ ਨਿਘਾਰ ਤੇ ਖਾਤਮੇ ਦਾ ਵਰਨਣ ਹੈ। ਪਰੰਤੂ ਲੇਖਕ ਜਿਥੇ ਇਸ ਪ੍ਰਥਾਂ ਨੂੰ ਚੰਗਾ ਸਮਝਦਾ ਹੈ ਉਥੇ ਇਸ ਦੇ ਨਿਘਾਰ ਉਤੇ ਕਿਸੇ ਮੋਹ ਤੇ ਦਰੇਗ ਦਾ ਪਰਗਟਾਵਾ ਨਹੀਂ ਕਰਦਾ। ਸਮਾਜ ਦੇ ਵਿਕਾਸ ਦੇ ਨਿਰੰਤਰ ਵਰਤਾਰੇ ਦੇ ਰੂਪ ਵਿਚ ਹੀ ਪੇਸ਼ ਕਰਦਾ ਹੈ। ਘਟਨਾਵਾਂ ਸਹਿਜ ਰੂਪ ਵਿਚ ਵਾਪਰਦੀਆਂ ਹਨ। ਇਹਨਾਂ ਲਈ ਮੌਕਾ-ਮੇਲ ਜਾਂ ਮੱਲੋ-ਜ਼ੋਰੀ ਹਾਦਸੇ ਨਹੀਂ ਕੀਤੇ ਜਾਂਦੇ। ਜਗੀਰੂ ਸਦਾਚਾਰ ਦੀ ਮੌਤ ਪਰਤ ਦਰ ਪਰਤ ਹੁੰਦੀ ਹੈ। ਇਸ ਤਰ੍ਹਾਂ ਅੰਤਲਾ ਦੁਖਾਂਤ ਸਮੁੱਚੀਆਂ ਘਟਨਾਵਾਂ ਜਿਵੇਂ ਬਹੁਤੀਆਂ ਕੁੜੀਆਂ ਹੋਣ ਕਾਰਨ ਘਰ

ਦੀ ਆਰਥਕਤਾ ਦਾ ਨਿਘਾਰ, ਗਰੇਵਾਲਾਂ ਦੀ ਠੱਗੀ, ਘਰ ਵਿਚ ਕਲੇਸ਼, ਇਸ ਦਾ ਸਮੁੱਚਾ ਪਰਭਾਵ ਨਾਇਕਾ ਦੇ ਭਰਾ ਬਲਦੇਵ ਤੇ ਪੈਣਾ, ਨਾਇਕਾ ਦੇ ਫੁੱਫੜ ਵਲੋਂ ਘਰ ਦੀ ਕਮਜ਼ੋਰੀ ਦਾ ਲਾਭ ਉਠਾਕੇ ਉਸਦਾ ਅਜੋੜ ਵਿਆਹ ਕਰਵਾਉਣਾ। ਅਜਿਹੀ ਸਥਿਤੀ ਵਿਚ ਬਲਦੇਵ ਜੇਕਰ ਨਕਸਲੀ ਨਾ ਬਣਦਾ ਤਾਂ ਹੋਰ ਕੀ ਬਣਦਾ? ਇਸ ਵਿਚ ਬਲਦੇਵ ਦੀ ਆਪਣੀ ਜਮਾਤ ਕਿਸਾਨੀ ਦੀ ਸੋਚ ਦਾ ਵੀ ਪੂਰਾ ਦਖ਼ਲ ਹੈ। ਕਿਸਾਨੀ ਬਦਲਾ-ਖੋਰੀ, ਅਣਖ ਤੇ ਰੜਕ ਲਈ ਮਰ ਮਿੱਟਣਾ, ਇਹ ਪੰਜਾਬ ਦੀ ਕਿਸਾਨੀ ਦਾ ਵਿਰਸਾ ਹੈ। ਬਲਦੇਵ ਇਸ ਤੋਂ ਮੁਕਤ ਨਹੀਂ ਹੋ ਸਕਦਾ। ਆਰਥਕ ਪੱਖੋਂ ਕਿਸਾਨੀ ਦਾ ਭਵਿੱਖ ਧੁੰਦਲਾ ਹੈ। ਉਸ ਲਈ ਵਿਕਾਸ ਦੇ ਰਾਹ ਬੰਦ ਹਨ। ਉਸਦੇ ਵੱਡੇ ਹਿਸੇ ਦਾ ਟੁੱਟਕੇ ਜਾਇਦਾਦ ਹੀਣਾਂ ਵਿਚ ਰਲਣਾ ਇਕ ਅਟੱਲ ਇਤਿਹਾਸਕ ਸਚਾਈ ਹੈ। ਇਸ ਦੇ ਟਾਕਰੇ ਲਈ ਜਨਤਕ ਲਹਿਰ ਦੀ ਲੋੜ ਹੈ। ਨਾਵਲਕਾਰ ਇਸ ਸਚਾਈ ਨੂੰ ਉਘੜਵੇਂ ਰੂਪ ਵਿਚ ਪੇਸ਼ ਕਰਦਾ ਹੈ।

ਨਾਵਲਕਾਰ ਇਸ ਵੇਰ ਕਲਾ ਦੇ ਪੱਖੋਂ ਬਹੁਤ ਅੱਗੇ ਲੰਘ ਗਿਆ ਹੈ। ਉਸਦੀ ਬੋਲੀ ਦੀ ਰਵਾਨੀ ਘਟਨਾਵਾਂ ਦਾ ਸਹਿਜ ਵਰਨਣ, ਸਮਾਜਕ ਜੀਵਨ ਦਾ ਡੂੰਘਾ ਵਿਸ਼ਲੇਸ਼ਨ ਉਹਨੂੰ ਪੰਜਾਬੀ ਨਾਵਲਕਾਰਾਂ ਦੀ ਮੂਹਰਲੀ ਕਤਾਰ ਵਿਚ ਲਿਆ ਖੜਾ ਕਰਦਾ ਹੈ।

## ਅੱਕ ਦਾ ਬੂਟਾ (ਕਹਾਣੀਆਂ)!

ਸੁਰਜੀਤ ਗਿੱਲ

"ਅੱਕ ਦਾ ਬੂਟਾ" ਗੁਰਮੀਤ ਕੜਿਆਲਵੀ ਦਾ ਪਹਿਲਾ ਕਹਾਣੀ ਸੰਗ੍ਰਿਹ ਹੈ। ਸੰਗ੍ਰਿਹ ਵਿਚਲੀਆਂ ਬਹੁਤੀਆਂ ਕਹਾਣੀਆਂ ਪਹਿਲਾਂ ਅਖਬਾਰਾਂ ਤੇ ਰਸਾਲਿਆਂ ਵਿਚ ਛਪ ਚੁਕੀਆਂ ਹਨ। ਗੁਰਮੀਤ ਬੇਸ਼ਕ ਕਹਾਣੀ ਖੇਤਰ ਵਿਚ ਨਵਾਂ ਆਇਆ ਹੈ। ਪਰੰਤ ਉਸਦੀ ਕਲਾ ਵਿਚ ਪਕਿਆਈ ਹੈ। ਉਸ ਨੂੰ ਪੇਸ਼ ਵਿਸ਼ੇ ਦੀ ਡੂੰਘੀ ਸਮਝ ਹੈ। ਆਪਣੇ ਪਾਤਰਾਂ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦਾ ਤੇ ਬਿਆਨ ਕਰਦਾ ਹੈ। ਉਹਦੇ ਬਿਆਨ ਵਿਚ ਰਵਾਨੀ ਤੇ ਸਹਿਜਤਾ ਹੈ। ਹਕੀਕਤ ਵਿਚ ਗਰਮੀਤ ਦੁਖੀਆਂ ਦਾ ਲੇਖਕ ਹੈ। ਇਸ ਦੀਆਂ ਬਹੁਤੀਆਂ ਕਹਾਣੀਆਂ ਸਮਾਜਿਕ ਆਰਥਿਕ ਤੇ ਰਾਜਸੀ ਜਬਰ ਦਾ ਬਿਆਨ ਹਨ। ਉਸਦੇ ਬਹੁਤੇ ਪਾਤਰ ਇਹਨਾਂ ਪਰਸਥਿਤੀਆਂ ਹੱਥੋਂ ਪੀੜਤ ਹਨ। ਉਹ ਆਪਣੀਆਂ ਕਹਾਣੀਆਂ ਵਿਚ ਜਮਾਤੀ ਵਿਤਕਰੇ ਤੇ ਵੰਡ ਦਾ ਜ਼ਿਕਰ ਤਾਂ ਕਰਦਾ ਹੈ, ਪਰੰਤੂ ਚੇਤਨ ਜਮਾਤੀ ਸੰਘਰਸ਼ ਦਾ ਵਰਨਣ ਨਹੀਂ ਕਰਦਾ। ਉਹਦੇ ਪਾਤਰ ਜ਼ਬਰ ਸਹਿੰਦੇ ਹਨ, ਪਰ ਜ਼ਬਰ ਵਿਰੁਧ ਕੋਈ ਪ੍ਰਤੀਕਰਮ ਪੇਸ਼ ਨਹੀਂ ਕਰਦੇ, ਕੇਵਲ ਇਕ ਕਹਾਣੀ "ਇਜਤਾਂ ਵਾਲੇ" ਵਿਚ ਇਕ ਮਜ਼ਦੂਰ ਕੁੜੀ ਸ਼ਿੰਦੀ ਹੈ, ਜਿਹੜੀ ਜ਼ਬਰ ਤੇ ਅਨਿਆਂ ਵਿਰੁਧ ਗੜੱਕੇ ਨਾਲ ਬੋਲਦੀ ਹੈ।

ਸੰਗ੍ਰਹਿ ਦੀਆਂ ਚੌਦਾਂ ਕਹਾਣੀਆਂ ਵਿਚੋਂ ਕੁਝ ਵਿਅਕਤੀ ਚਿਤਰ ਹਨ, ਜਿਵੇਂ "ਜ਼ਿੰਦਗੀ" "ਪਉਆ ਡਰੈਵਰ", "ਭਾਈ ਘਨਈਏ ਦੀ ਔਲਾਦ", "ਮਾਸਟਰ ਰਾਮ ਕਿਸ਼ਨ", "ਘੜੀਏ ਸ਼ਬਦ ਸੱਚੀ ਟਕਸਾਲ" ਦਾ ਪ੍ਰੋਫੈਸਰ ਕੁਲਵੰਤ ਸਿੰਘ ਆਦਿ ਦੂਜੀਆਂ ਕਹਾਣੀਆਂ ਵਿਚ ਗੁਰਮੀਤ ਨਿਮਨ ਵਰਗ ਤੇ ਦਲਿਤ ਵਰਗ ਦੇ ਲੋਕਾਂ ਦਾ ਜੀਵਨ ਪੇਸ਼ ਕਰਦਾ ਹੈ। ਪਹਿਲੀ ਕਹਾਣੀ "ਕੂੰਡਾ ਭੰਡਾਰੀਆ" ਇਕ ਗਰੀਬ ਪਰਿਵਾਰ ਵਿਚ ਜਨਮੇ



ਪਾਤਰ ਦੀ ਕਥਾ ਹੈ। ਜਿਸ ਵਿਚ ਪਰਿਵਾਰ ਦੇ ਮੋਢੀ ਪਿਓ ਦੀ ਕੋਮਲਤਾ ਗਰੀਬੀ ਨੇ ਖੋਹ ਲਈ ਹੈ। ਉਸ ਵਿਅਕਤੀ ਨੂੰ ਪਿਆਰ ਨਾਂ ਦੇ ਕਿਸੇ ਸ਼ਬਦ ਦੀ ਜਾਣਕਾਰੀ ਨਹੀਂ ਹੈ। ਉਹ ਆਪਣੇ ਪੁੱਤ ਨੂੰ ਵੀ ਹਰ ਸਮੇਂ ਕੁੱਟਦਾ ਮਾਰਦਾ ਤੇ ਝਿੜਕਦਾ ਰਹਿੰਦਾ ਹੈ। ਸਥਿਤੀ ਵਿਚ ਪਲਿਆ ਪਾਤਰ ਸਾਰਾ ਜੀਵਨ ਦੁੱਖ ਭੋਗਦਾ ਤੇ ਹਰ ਖੇਤਰ ਵਿਚ ਅਸਫਲ ਰਹਿੰਦਾ ਹੈ। ਇਸ ਕਹਾਣੀ ਦੇ ਪਾਤਰ ਹੋਰਨਾਂ ਨਾਵਾਂ ਹੇਠ ਹੋਰ ਕਹਾਣੀਆਂ ਵਿਚ ਵੀ ਆਉਂਦੇ ਹਨ। ਜਿਵੇਂ "ਅਰਮਨਨ" ਕਹਾਣੀ ਵਿਚ ਘੱਚੂ ਤੇ ਉਹਦਾ ਪਿਓ ਹੈ। 'ਮੈਂ ਡਿੱਗ ਪਵਾਂਗਾ" ਦਾ ਨਾਇਕ ਵੀ ਤੇ ਉਹਦਾ ਪਿਓ ਵੀ ਇਸੇ ਕਹਾਣੀ ਦੇ ਪਾਤਰ ਹਨ। ਲੇਖਕ ਦੇ ਅੰਤਰੀਵ ਮਨ ਵਿਚ ਬਚਪਨ ਦੀ ਕੋਈ ਅਜਿਹੀ ਪੀੜ ਹੈ, ਜਿਹੜੀ ਮੁੜ-ਮੁੜ ਉਹਦੀ ਕਲਮ ਦੇ ਮੂੰਹ ਚੜ੍ਹਦੀ ਹੈ। ਇਹ ਪਾਤਰ ਪ੍ਰਸਥਿਤੀਆਂ ਦੀ ਥਾਂ ਬਦਨਸੀਬੀ ਦੇ ਮਾਰੇ ਵੱਧ ਪ੍ਰਤੀਤ ਹੁੰਦੇ ਹਨ। ਜੇ ਪਊਏ ਡਰਾਇਵਰ ਨੂੰ ਇਹਨਾਂ ਵਿਚ ਸ਼ਾਮਲ ਕਰ ਲਈਏ ਤਾਂ ਬਦਨਸੀਬਾਂ ਦੀ ਲਿਸਟ ਮੁਕੰਮਲ ਹੋ ਜਾਂਦੀ ਹੈ।

"ਅੱਕ ਦਾ ਬੂਟਾ" ਕਹਾਣੀ ਕੁਝ ਵਿਸ਼ੇਸ਼ ਧਿਆਨ ਮੰਗਦੀ ਹੈ। ਇਸ ਦੀ ਨਾਇਕਾ ਚਰਨਜੀਤ ਪਹਿਲਾਂ ਆਪ ਜਸਬੀਰ ਨੂੰ ਆਪਣੇ ਨਾਲ ਸੰਬੰਧਾਂ ਨੂੰ ਪ੍ਰੇਰਦੀ ਤੇ ਉਤਸ਼ਾਹਤ ਕਰਦੀ ਹੈ। ਮੁੰਡਾ ਹੋਣ ਉਪਰੰਤ ਉਹਨੂੰ ਜਸਬੀਰ ਦਾ ਮੁੰਡਾ ਅੱਕ ਦਾ ਬੂਟਾ ਜਾਪਣ ਲੱਗ ਪੈਂਦਾ ਹੈ। ਇਸ ਗੁੰਝਲਦਾਰ ਮਾਨਸਿਕਤਾ ਦਾ ਕੋਈ ਕਾਰਨ ਨਹੀਂ ਲੱਭਦਾ। ਜੇ ਮੰਨ ਲਈਏ ਕਿ ਸਮਾਜ ਦਾ ਡਰ ਹੈ। ਉਹ ਪਹਿਲਾਂ ਬਹੁਤਾ ਸੀ। ਹੁਣ ਤਾਂ ਸਗੋਂ ਘੱਟ ਗਿਆ ਸੀ। ਅਸਲ ਵਿਚ ਜਿਸ ਗੱਲ ਨੂੰ ਲੇਖਕ ਸਪੱਸ਼ਟ ਨਹੀਂ ਕਰ ਸਕਿਆ ਉਹ ਇਹ ਹੈ ਕਿ ਚਰਨਜੀਤ ਨੂੰ ਜਸਬੀਰ ਨਾਲ ਕੋਈ ਪਿਆਰ ਨਹੀਂ ਸੀ ਕੇਵਲ ਸਰੀਰਕ ਭੁੱਖ ਸੀ ਉਹ ਸਮੇਂ ਨਾਲ ਪੂਰੀ ਹੋ ਗਈ। ਉਸ ਨੂੰ ਜਸਬੀਰ ਓਪਰਾ ਲੱਗਣ ਲੱਗ ਪਿਆ। "ਸੱਪ ਅਜੇ ਨਹੀਂ ਮਰਿਆ" ਐਵੇਂ ਬਾਬੂਆਂ ਵਾਲਾ ਖੱਸੀ ਵਿਅੰਗ ਹੈ। ਅਫਸਰ ਨੂੰ ਪਿੱਠ ਪਿੱਛੇ ਸੱਪ ਕਹਿਕੇ ਮਨ ਨੂੰ ਹੌਲਾ ਕਰਨ ਦੀ ਗੱਲ ਹੈ। "ਘਟੀਆ ਲੋਕ" ਵਿਚ ਲੇਖਕ ਕੋਈ ਨਵੀਂ ਗੱਲ ਨਹੀਂ ਕਹਿੰਦਾ। ਜਮਾਤੀ ਵਿਤਕਰੇ ਦੀ ਗੱਲ ਹੀ ਕਰਦਾ ਹੈ। ਕਹਾਣੀ ਵਿਚ ਤਾਂ ਨਾਇਕ ਪਿੰਡ ਦੇ ਮਜ਼੍ਹਬੀ ਦਾ ਮੁੰਡਾ ਹੈ, ਜੇਕਰ ਕੋਈ ਰਿਸ਼ਤੇਦਾਰੀ ਵਿਚੋਂ ਗਰੀਬ ਉਸ ਘਰ ਜਾਂਦਾ ਤ੍ਰੇਸ ਦਾ ਵੀ ਇਹੋ ਹਸ਼ਰ ਹੋਣਾ ਸੀ। ਜਮਾਤੀ ਵਿਤਕਰੇ ਨੂੰ ਪੇਸ਼ ਕਰਨਾ ਹੀ ਕਾਫੀ ਨਹੀਂ ਜਮਾਤੀ ਸੰਘਰਸ਼ ਨੂੰ ਵੀ ਪੇਸ਼ ਕਰਨ ਦੀ ਲੋੜ ਹੈ।

"ਇੱਜਤਾਂ ਵਾਲੇ" ਕਹਾਣੀ ਵਿਚ ਸ਼ਿੰਦੀ ਸਮੁੱਚੇ ਸੰਗ੍ਰਹਿ ਵਿਚ ਇਕੋ-ਇਕ ਦਲੇਰ ਪਾਤਰ ਹੈ, ਜਿਹੜੀ ਜਾਬਰਾਂ ਸਾਹਮਣੇ ਉਹਨਾਂ ਦਾ ਵਿਰੋਧ ਹੀ ਨਹੀਂ ਕਰਦੀ ਬਲਕਿ ਪਾਜ ਉਘੇੜਦੀ ਹੈ। ਅੱਜ ਅਜਿਹੇ ਪਾਤਰਾਂ ਦੀ ਲੋੜ ਹੈ, ਜਿਹੜੇ ਚੇਤਨ ਹੋ ਕੇ ਜਮਾਤੀ ਸੰਘਰਸ਼ ਕਰਨ।

ਸਮੁੱਚੇ ਤੌਰ ਤੇ ਲੇਖਕ ਕੋਲ ਦੁਖੀ ਤੇ ਪੀੜਤ ਮਾਨਸਿਕਤਾ ਦੀ ਡੂੰਘੀ ਸਮਝ ਹੈ। ਉਹਨੂੰ ਗੱਲ ਕਹਿਣੀ ਤੇ ਕਹਾਣੀ ਬਨਾਉਣੀ ਆਉਂਦੀ ਹੈ। ਉਹਦਾ ਅਨੁਭਵ ਤੀਖਣ ਹੈ। ਪਰੰਤੂ ਕੇਵਲ ਵਰਨਣ ਹੀ ਕਹਾਣੀ ਨਹੀਂ ਹੁੰਦਾ। ਵਿਸ਼ਲੇਸ਼ਣ ਉਹ ਵੀ ਚੇਤਨ ਵਿਸ਼ਲੇਸ਼ਣ ਵੀ ਜ਼ਰੂਰੀ ਹੁੰਦਾ ਹੈ। ਲੇਖਕ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

## ਕਿਰਮਚੀ ਹਰਫ਼ ਕਾਲੇ ਹਾਸ਼ੀਏ (1990)—ਗ਼ਜ਼ਲ ਸੰਗ੍ਰਹਿ

ਡਾ. ਅਨੂਪ ਸਿੰਘ

ਡਾ: ਐਸ. ਤਰਸੇਮ ਇਕ ਬਹੁਪੱਖੀ ਸਾਹਿਤਕਾਰ ਹੈ। ਉਸ ਨੇ ਸਾਹਿਤ ਦੀਆਂ ਕਈ ਵਿਧਾਵਾਂ ਤੇ ਸਫਲਤਾ ਸਹਿਤ ਹੱਥ ਅਜਮਾਇਆ ਹੈ। ਪ੍ਰੰਤੂ ਉਹ ਪ੍ਰਮੁੱਖ ਰੂਪ ਵਿਚ ਇਕ ਕਹਾਣੀਕਾਰ, ਕਵੀ (ਗ਼ਜ਼ਲਗੋ) ਅਤੇ ਆਲੋਚਕ ਹੈ। ਉਸ ਦੀ ਸਫਲਤਾ ਦਾ ਰਾਜ ਉਸਦੀ ਸਾਹਿਤਕ ਖੇਤਰ ਵਿਚ ਜਥੇਬੰਦਕ ਸਰਗਰਮੀ ਵਿਚ ਪ੍ਰਤੀਤ ਹੁੰਦਾ ਹੈ। ਉਹ ਇਸ ਵੇਲੇ ਵੀ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਜਨਰਲ ਸਕੱਤਰ ਵਜੋਂ ਕੰਮ ਕਰ ਰਿਹਾ ਹੈ ਅਤੇ ਆਪਣੇ ਅਹੁਦੇ ਦੇ ਫ਼ਰਜ਼ਾਂ ਨੂੰ ਬਾਖ਼ੂਬੀ ਨਿਭਾਅ ਰਿਹਾ ਹੈ। ਲੋਕਾਂ ਨਾਲ ਜੀਵੰਤ ਰਿਸ਼ਤੇ ਕਾਰਨ ਹੀ ਉਹ ਵਿਚਾਰਾਧੀਨ ਗ਼ਜ਼ਲ ਸੰਗ੍ਰਹਿ ਵਿਚ ਉੱਤਮ ਸ਼ਿਅਰਾਂ ਦੀ ਰਚਨਾ ਕਰ ਸਕਿਆ ਹੈ। ਗਿਆਨ ਦੀ ਭੂਮਿਕਾ ਤੇ ਮਹੱਤਵ ਤੋਂ ਪੂਰਨ ਰੂਪ ਵਿਚ ਚੇਤੰਨ ਤਰਸੇਮ ਇਸ ਸਬੰਧੀ ਦਰਜਨਾਂ ਸ਼ਿਅਰ ਕਹਿੰਦਾ ਹੈ। ਨਿਮਨਲਿਖਤ ਸ਼ਿਅਰ ਉਸ ਦੀ ਗਿਆਨ ਪ੍ਰਾਪਤੀ ਦੀ ਅਮੁੱਕ ਚਾਹ ਦਾ ਪ੍ਰਮਾਣ ਹੈ :

ਚਾਨਣ ਦੇ ਆਸ਼ਕਾਂ ਵਿਚ ਮੈਂ ਵੀ ਸ਼ੁਮਾਰ ਹਾਂ
ਪੜ੍ਹਦਾ ਹਾਂ ਪੱਟਿਆਂ ਸੰਗ ਅੱਖਰ ਟਟੋਲ ਕੇ (ਪੰਨਾ 15)

ਸੰਵੇਦਨਸ਼ੀਲ ਅਤੇ ਲੋਕਾਂ ਦੇ ਦੁਖਾਂ-ਤਕਲੀਫ਼ਾਂ ਨਾਲ ਡੂੰਘਾ ਲਗਾਉ ਹੋਣ ਕਾਰਨ ਉਹ ਪੂੰਜੀਵਾਦੀ-ਜਗੀਰੂ ਹਾਕਮ ਜਮਾਤਾਂ ਦੀ ਕਾਰਕਰਦਗੀ, ਉਹਨਾਂ ਦੀ ਕਹਿਣੀ ਤੇ ਕਰਨੀ ਵਿਚਲੇ ਅੰਤਰ, ਪੂੰਜੀਵਾਦੀ ਜਮਹੂਰੀਅਤ, ਭ੍ਰਿਸ਼ਟਾਚਾਰ, ਨਿਆਂ-ਪ੍ਰਣਾਲੀ, ਜਮਾਤੀ ਪ੍ਰਬੰਧ ਦੀ ਕਰੂਰ ਕਾਰਜਸ਼ੀਲਤਾ ਅਤੇ ਇਸ ਸਭ ਕੁਝ ਤੋਂ ਉਤਪੰਨ ਬੇਗਾਨਗੀ ਬਾਰੇ ਕਈ ਉੱਤਮ ਸ਼ਿਅਰਾਂ ਦੀ ਰਚਨਾ ਕਰਦਾ ਹੈ ;

ਜਲ ਭਰੀ ਬਦਲੀ ਵਰ੍ਹੀ ਹੈ ਸਾਗਰਾਂ ਤੇ ਵਾਰ ਵਾਰ
ਕੱਖ-ਕਾਨੇ ਮੇਰਿਆਂ ਤੇ ਪਰ ਗਿਰੀ ਬਿਜਲੀ ਹਰੇਕ (ਪੰਨਾ 13)

ਧਾਰਮਿਕ-ਪਾਖੰਡੀਆਂ, ਪੱਥਰ ਤੇ ਬੁੱਤ-ਪੂਜਾਂ, ਫਿਰਕੂ-ਰੂੜ੍ਹੀਵਾਦੀਆਂ, ਧਾਰਮਿਕ ਕ੍ਰਮ-ਕਾਂਡੀਆਂ ਦਾ ਪਾਜ ਖੋਲ੍ਹਣ ਲਈ ਉਹ ਵਿਅੰਗ ਵਿਧੀ ਅਤੇ ਸੰਵਾਦ-ਸੰਬੋਧਨ ਵਿਧੀ ਅਪਣਾਉਂਦਾ ਹੈ ਅਤੇ ਧਾਰਮਿਕ ਦੰਭੀਆਂ ਨੂੰ ਉਹਨਾਂ ਦੀ ਵਾਸਤਵਿਕਤਾ ਦਰਸਾ ਜਾਂਦਾ ਹੈ। ਇਸ ਤੋਂ ਛੁੱਟ ਸਮਾਜਕ ਬੁਰਾਈਆਂ ਜਿਵੇਂ ਦਾਜ-ਪ੍ਰਥਾ, ਵਿਖਾਵਾ, ਦੋਗਲਾਪਨ ਅਤੇ ਮੌਕਾਪ੍ਰਸਤੀ ਆਦਿ ਵੀ ਉਸ ਦੇ ਵਿਅੰਗ ਦੀ ਨਸ਼ਤਰ ਹੇਠ ਆਉਂਦੇ ਹਨ। ਬੀਤੇ ਦਹਾਕੇ ਵਿਚ ਵਾਪਰੇ ਪੰਜਾਬ ਦੁਖਾਂਤ ਦੇ ਕੁਪ੍ਰਭਾਵਾਂ ਨੂੰ ਚਿਤ੍ਰਣ ਲਈ ਉਹ ਦਰਜਨਾਂ ਸ਼ਿਅਰ ਅਤੇ ਕੁਝ ਮੁਸੱਲਸਲ ਗ਼ਜ਼ਲਾਂ ਪੇਸ਼ ਕਰਦਾ ਹੈ। ਇਸ ਤਰ੍ਹਾਂ ਸਮਕਾਲ ਨੂੰ ਸੰਬੋਧਨ ਹੋ ਕੇ ਉਹ ਲੋਕ-ਪੱਖੀ ਸਾਹਿਤਕਾਰ ਹੋਣ ਦੀ ਪੁਸ਼ਟੀ ਕਰਦਾ ਹੈ। ਭਾਵੇਂ ਉਹ ਕਹਿੰਦਾ ਹੈ :

ਕੁੱਝ ਵੀ ਨਹੀਂ ਰੁਮਾਂਟਿਕ ਮੇਰੀ ਗ਼ਜ਼ਲ ਦੇ ਅੰਦਰ
ਫੁੱਲਾਂ ਨੂੰ ਫੁੱਲ ਲਿਖਦਾਂ, ਖ਼ਾਰਾਂ ਨੂੰ ਖ਼ਾਰ ਲਿਖਦਾਂ (ਪੰਨਾ 55)



ਫਿਰ ਵੀ ਦਰਜਨਾਂ ਸ਼ਿਅਰ ਰਵਾਇਤੀ-ਰੁਮਾਂਟਿਕ ਹਨ ਜਿਹਨਾਂ ਵਿਚ ਪੇਸ਼ਕਾਰੀ ਤੋਂ ਛੁੱਟ ਕੁਝ ਵੀ ਮੌਲਿਕ ਨਹੀਂ।

ਉਹ ਆਪਣੇ ਸ਼ਿਅਰਾਂ ਵਿਚ ਸ਼ੁਭ ਇੱਛਾਵਾਂ ਦਾ ਪ੍ਰਗਟਾਵਾ ਵੀ ਕਰਦਾ ਹੈ, ਏਕੇ ਤੇ ਹਰਕਤ ਵਿਚ ਬਰਕਤ ਦਾ ਸੁਨੇਹਾ ਵੀ ਦਿੰਦਾ ਹੈ, ਲੋਕ ਸ਼ਕਤੀ ਦਾ ਮਹੱਤਵ ਵੀ ਦ੍ਰਿੜਾਉਂਦਾ ਹੈ, ਵਿਚਾਰਧਾਰਕ ਲੜਾਈ ਦਾ ਸੱਦਾ ਵੀ ਦਿੰਦਾ ਹੈ, ਹਾਕਮਾਂ ਨੂੰ ਵੰਗਾਰ ਵੀ ਦਿੰਦਾ ਹੈ ਅਤੇ ਸਵੈ-ਵਿਸ਼ਵਾਸ ਦਾ ਪ੍ਰਗਟਾਵਾ ਵੀ ਕਰਦਾ ਹੈ ਜੋ ਕਿਤੇ ਸਵੈ-ਮਾਣ ਅਤੇ ਨਿੱਜ-ਗਤ ਹਉਂ ਤੱਕ ਪੁੱਜ ਜਾਂਦਾ ਹੈ। ਪ੍ਰੇਰਨਾ ਦਿੰਦਾ ਹੋਇਆ ਉਹ ਲਿਖਦਾ ਹੈ :

ਜਦ ਬੋਲ ਅੱਗ ਦਾ ਜ਼ਰਾ ਉੱਚੀ ਸੁਣੇ ਕਿਤੋਂ
ਲੈ ਜਲ ਤਰੰਗ ਛੇੜਿਓ ਅਮਨਾਂ ਦਾ ਰਾਗ ਹੋਰ (ਪੰਨਾ 23)

ਉਹ ਪ੍ਰਗਤੀਵਾਦੀ ਅਤੇ ਆਸ਼ਾਵਾਦੀ ਕਵੀ ਹੈ :

ਤਿਤਲੀਆਂ ਤੇ ਭੌਰ ਸਾਰੇ ਜੀਅ ਰਹੇ ਇਸ ਆਸ 'ਤੇ
ਕਾਲਾ ਮੌਸਮ ਵੀ ਕਦੇ ਤਾਂ ਸ਼ਿੰਗਰਫੀ ਬਣ ਜਾਏਗਾ (ਪੰਨਾ 12)

ਇਤਹਾਸਕ-ਮਿਥਿਹਾਸਕ ਚਿੰਨ੍ਹਾਂ ਪ੍ਰਤੀਕਾਂ ਦੀ ਵਰਤੋਂ, ਅਨੁਪ੍ਰਾਸ ਤੇ ਸ਼ਬਦ ਅਲੰਕਾਰਾਂ ਦੀ ਅਤੇ ਸੰਬੋਧਨੀ-ਸੰਵਾਦ ਤੇ ਪ੍ਰਸ਼ਨਵਾਚਕ ਸ਼ੈਲੀ ਉਸ ਦੀ ਗ਼ਜ਼ਲ ਸ਼ੈਲੀ ਦੇ ਵਿਲੱਖਣ ਤੱਤ ਹਨ। ਉਰਦੂ-ਫਾਰਸੀ ਸ਼ਬਦਾਂ ਦੇ ਨਾਲ ਨਾਲ ਅੰਗਰੇਜ਼ੀ ਸ਼ਬਦਾਂ ਦੀ ਵਰਤੋਂ ਵੀ ਪੰਜਾਬੀ ਗ਼ਜ਼ਲ ਦਾ ਜ਼ਰੂਰੀ ਅੰਗ ਬਣ ਗਈ ਹੈ। ਕਿਤੇ ਕਿਤੇ ਵਿਸ਼ਰਾਮ ਚਿੰਨ੍ਹਾਂ ਦੀ ਨਾ ਵਰਤੋਂ ਕਰਨੀ ਅਰਥ ਸੰਚਾਰ ਵਿਚ ਰੁਕਾਵਟ ਬਣਦੀ ਹੈ। ਮੌਲਿਕ ਪ੍ਰਤੀਕਾਂ ਤੇ ਬਿੰਬਾਂ ਦੀ ਸੁਯੋਗ ਵਰਤੋਂ ਨਾਲ ਉਸਦੇ ਕਈ ਸ਼ਿਅਰ ਯਾਦਗਾਰੀ ਬਣ ਗਏ ਹਨ। ਇਸ ਤਰ੍ਹਾਂ ਕੁਲ ਮਿਲਾ ਕੇ ਇਹ ਗ਼ਜ਼ਲ ਸੰਗ੍ਰਹਿ ਪੰਜਾਬੀ ਗ਼ਜ਼ਲ ਦੇ ਪ੍ਰਵਾਹ ਵਿਚ ਇਕ ਮਹੱਤਵਪੂਰਨ ਰਚਨਾ ਸਾਬਤ ਹੋਵੇਗੀ।

## ਕੇਹੀ ਕਾਲੀ ਰਾਤ (ਅਨੁ: ਕਹਾਣੀ ਸੰਗ੍ਰਹਿ)

ਡਾ: ਅਨੂਪ ਸਿੰਘ

ਰੀਵੀਊ ਅਧੀਨ ਕਹਾਣੀ ਸੰਗ੍ਰਹਿ ਵਿਚ 10 ਕਹਾਣੀਆਂ ਸ਼ਾਮਲ ਹਨ। ਭੀਸ਼ਮ ਸਾਹਨੀ ਦੀ ਪਹਿਲੀ ਕਹਾਣੀ 'ਘੁਸਪੈਠੀਆ' (ਉਰਦੂ) ਤੋਂ ਛੁੱਟ ਬਾਕੀ ਕਹਾਣੀਆਂ ਮੌਲਿਕ ਰੂਪ ਵਿਚ ਹਿੰਦੀ ਵਿਚ ਛਪੀਆਂ ਹਨ। ਇਹਨਾਂ ਕਹਾਣੀਆਂ ਦੇ ਲੇਖਕ ਹਿੰਦੀ ਸਾਹਿਤ ਦੇ ਜਾਣੇ-ਪਹਿਚਾਣੇ ਹਸਤਾਖਰ ਹਨ। ਇਹ ਸਾਰੀਆਂ ਕਹਾਣੀਆਂ ਪੰਜਾਬ ਦੁਖਾਂਤ ਅਤੇ ਇਸ ਦੇ ਪੰਜਾਬ ਤੋਂ ਬਾਹਰ ਪਏ ਕੁਪ੍ਰਭਾਵਾਂ ਨੂੰ ਕਲਾਮਈ ਢੰਗ ਨਾਲ ਪੇਸ਼ ਕਰਦੀਆਂ ਹਨ। ਪੰਜਾਬ ਸੰਤਾਪ ਜਿਸ ਦੇ ਜ਼ਖ਼ਮ ਲੰਮਾ ਸਮਾਂ ਰਿਸਦੇ ਰਹਿਣਗੇ, ਦੇ ਵਿਭਿੰਨ ਪਸਾਰਾਂ ਨੂੰ ਵਿਅਕਤ ਕਰਦੀਆਂ ਇਹ ਕਹਾਣੀਆਂ ਇਸ ਵਿਸ਼ੇ ਨਾਲ ਸੰਬੰਧਿਤ ਪ੍ਰਤੀਨਿਧ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਇਸ ਗੱਲ ਦੀ ਸੰਭਾਵਨਾ ਵੀ ਹੋ ਸਕਦੀ ਹੈ ਕਿ ਕੁਝ ਹੋਰ ਵਧੀਆ ਕਹਾਣੀਆਂ ਵੀ ਹਿੰਦੀ ਸਾਹਿਤ ਵਿਚ ਇਸ ਵਿਸ਼ੇ ਨੂੰ ਪ੍ਰਗਟਾਉਂਦੀਆਂ ਹੋਣ ਅਤੇ

ਉਹ ਅਨੁਵਾਦਕਾਂ ਦੀ ਨਜ਼ਰੇ ਨਾ ਚੜ੍ਹੀਆਂ ਹੋਣ। ਸੰਗ੍ਰਹਿ ਵਿਚ ਸ਼ਾਮਲ 'ਤੇਰੇ ਸਿਵਾ' ਵਰਗੀ ਕਹਾਣੀ ਨਾਵਲਿਟ ਆਕਾਰ ਦੀ ਹੈ ਜਦ ਕਿ 'ਅੰਮ੍ਰਿਤਸਰ ਵਾਲਾ ਘਰ' ਲਘੂ ਆਕਾਰ ਵਿਚ ਆਧੁਨਿਕ ਸ਼ਿਲਪੀ ਕਹਾਣੀ ਦਾ ਨਮੂਨਾ ਹੈ।

ਇਹ ਕਹਾਣੀਆਂ ਪੰਜਾਬ ਦੁਖਾਂਤ ਤੋਂ ਉਪਜੀ ਪੀੜਾ ਨੂੰ ਬੜੀ ਸੂਖਮਤਾ, ਤੀਬਰਤਾ ਤੇ ਤੀਖਣਤਾ ਨਾਲ ਚਿੱਤਰਦੀਆਂ ਹਨ। ਇਸ ਤਰ੍ਹਾਂ ਫਿਰਕੂ ਤਣਾਉ ਤੇ ਟਕਰਾਉ ਅਤੇ ਦੰਗਿਆਂ ਦੀ ਦਰਿੰਦਗੀ ਵਿਰੁੱਧ ਨਫਰਤ ਦੇ ਭਾਵਾਂ ਨੂੰ ਪ੍ਰਵੇਗਤ ਕਰਦੀਆਂ ਹਨ। ਇਹ ਪੱਖ ਸਲਾਹੁਣਯੋਗ ਹੈ। ਪਰੰਤੂ ਇਹ ਕਹਾਣੀਆਂ ਇਸ ਲੰਬੇ ਦੁਖਾਂਤ ਪਿਛੇ ਕਾਰਜਸ਼ੀਲ ਕਾਰਨਾਂ ਅਤੇ ਦੋਸ਼ੀ ਧਿਰਾਂ ਉੱਪਰ ਉਂਗਲ ਨਹੀਂ ਧਰਦੀਆਂ ਅਤੇ ਨਾ ਹੀ ਇਸ ਦੇ ਸਮਾਧਾਨ ਬਾਰੇ ਕੋਈ ਕਲਾਤਮਕ ਇਸ਼ਾਰਾ ਕਰਦੀਆਂ ਹਨ। ਇਸ ਦੀ ਥਾਂ ਇਹ ਕਹਾਣੀਕਾਰ ਆਪਣੀ ਸਿਰਜਣ ਸ਼ਕਤੀ ਇਸ ਦੁਖਾਂਤ ਦੇ ਦੁਰਪ੍ਰਭਾਵਾਂ ਨੂੰ ਚਿਤ੍ਰਣ ਵਿਚ ਲਾ ਦਿੰਦੇ ਹਨ।

ਜਟਿਲ ਯਥਾਰਥ ਦੇ ਪ੍ਰੱਖ ਰੂਪ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨਾ ਬਹੁਤ ਚੰਗੀ ਗੱਲ ਹੈ। ਪਰੰਤੂ ਇਸ ਗਤੀਸ਼ੀਲ ਯਥਾਰਥ ਦੇ ਅੰਦਰੂਨੀ ਬਹੁ-ਪਾਸਾਰਾਂ ਵੱਲ ਧਿਆਨ ਦੇਣਾ ਅਤੇ ਲੋਕ ਦੁਸ਼ਮਣ ਪਰਿਸਥਿਤੀਆਂ ਨੂੰ ਬਦਲਣ ਲਈ ਸਾਹਿਤਕ ਸੰਕੇਤ ਦੇਣਾ ਹੋਰ ਵੀ ਜ਼ਰੂਰੀ ਹੈ। ਵੱਧ ਰਹੇ ਫਿਰਕੂ ਖਤਰੇ ਦੇ ਪ੍ਰਸੰਗ ਵਿਚ ਕੇਵਲ ਰੁਦਨਮਈ ਵਰਣਨ ਫਿਰਕੂ ਸ਼ਕਤੀਆਂ ਵਿਰੁੱਧ ਨਫ਼ਰਤ ਵੀ ਪੈਦਾ ਕਰ ਸਕਦਾ ਹੈ ਪਰੰਤੂ ਕਿਸੇ ਹਾਂ ਮੁਖੀ ਭਵਿੱਖ ਨਕਸ਼ੇ ਦੀ ਅਣਹੋਂਦ ਵਿਚ ਨਿਰਾਸ਼ਤਾਂ ਦ ਭਾਵਾਂ ਦੇ ਉਤਪੰਨ ਹੋਣ ਅਤੇ ਅਤੇ ਪਸਰਨ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ।

ਦੋਵੇਂ ਸੰਪਾਦਕ (ਤਲਵਿੰਦਰ ਸਿੰਘ ਤੇ ਡਾ. ਸ਼ਿਆਮ ਸੁੰਦਰ ਦੀਪਤੀ) ਪੰਜਾਬੀ ਕਹਾਣੀ ਜਗਤ ਵਿਚ ਜਾਣੇ ਪਹਿਚਾਣੇ ਨਾਂ ਹਨ ਅਤੇ ਆਪਣੇ ਖੇਤਰ ਵਿਚ ਬੜੀ ਨਿਸ਼ਠਾ ਨਾਲ ਕੰਮ ਕਰਦੇ ਹੋਏ ਸਾਹਿਤਕ ਜਥੇਬੰਦੀ ਵਿਚ ਵੀ ਸਰਗਰਮ ਹਨ। ਦੋਵਾਂ ਦਾ ਇਹ ਸਾਂਝਾ ਉੱਦਮ ਵੀ ਸਲਾਹੁਣਯੋਗ ਹੈ ਅਤੇ ਪੰਜਾਬੀ ਅਨੁਵਾਦ ਸਾਹਿਤ ਵਿਚ ਇਕ ਨਿੱਗਰ ਵਾਧਾ।

## ਸ਼ਾਮ ਦੇ ਦੀਵੇ (ਗ਼ਜ਼ਲ ਸੰਗ੍ਰਹਿ)

ਮੁਹਿੰਦਰ ਦੀਪ ਗਰੇਵਾਲ

'ਸ਼ਾਮ ਦੇ ਦੀਵੇ' ਸੁਭਾਸ਼ ਕਲਾਕਾਰ ਦਾ ਪਹਿਲਾਂ ਗ਼ਜ਼ਲ ਸੰਗ੍ਰਹਿ ਹੈ ਜਿਸ ਵਿਚ 64 ਗ਼ਜ਼ਲਾਂ ਸ਼ਾਮਿਲ ਹਨ। ਪਹਿਲੀ ਨਜ਼ਰ ਵਿਚ ਵਾਚਿਆ ਹੀ ਲੇਖਕ, ਪਰੰਪਰਾਵਾਦ ਦੀ ਆਧਾਰ ਭੂਮੀ ਨਾਲ ਪੀਡੀ ਪਕੜ ਰਖਦਾ ਹੋਇਆ, ਆਧੁਨਿਕ ਕਾਵਿ ਬੋਧ ਨੂੰ ਆਪਣੀ ਕਾਵਿ ਅਭਿਵਿਅਕਤੀ ਦਾ ਸਾਧਨ ਬਣਾਉਂਦਾ ਹੈ—ਗ਼ਜ਼ਲ ਦੀ ਰਵਾਇਤੀ ਸ਼ੈਲੀ ਤੋਂ ਅਲਹਿਦਗੀ ਲਈ ਉਹ ਹੁਸਨ-ਇਸ਼ਕ ਤੱਕ ਸੀਮਤ ਨਾ ਰਹਿ ਕੇ ਸਮਾਜਿਕ ਅਨੁਭਵ ਨੂੰ ਅਤੇ ਆਧੁਨਿਕ ਯੁੱਗ ਦੀਆਂ ਵਿਸੰਗਤੀਆਂ ਨੂੰ ਵੀ ਆਪਣੇ ਸ਼ਿਅਰਾਂ ਵਿਚ ਪੇਸ਼ ਕਰਦਾ ਹੈ। ਆਧੁਨਿਕਤਾ ਅਤੇ ਪ੍ਰੰਪਰਾ ਦੇ ਸੁਮੇਲ ਚੋਂ ਉਪਜੀ ਉਸਦੀ ਸ਼ਾਇਰੀ ਉਸਨੂੰ ਉਹਨਾਂ ਸ਼ਾਇਰਾਂ ਤੋਂ ਨਿਵੇਕਲਾ ਕਰਦੀ ਹੈ ਜੋ ਪ੍ਰਾਪਤ ਯਥਾਰਥ ਨੂੰ ਸੰਚਾਰਿਤ ਕਰਨ ਲਈ ਜਿਉਂ ਦਾ ਤਿਉਂ



ਪੇਸ਼ ਕਰਨਾ ਠੀਕ ਸਮਝਦੇ ਹਨ ਅਜਿਹਾ ਕਰਨ ਲਈ ਉਸਨੇ ਢੁਕਵੇਂ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ ਅਤੇ ਇਸ਼ਤਿਆਰਿਆਂ ਦੀ ਢੁਕਵੀਂ ਵਰਤੋਂ ਕੀਤੀ ਹੈ। ਉਸਨੂੰ ਵਜ਼ਨ, ਬਹਿਰ ਦਾ ਚੋਖਾ ਗਿਆਨ ਹੈ। ਉਸਨੇ ਫ਼ਨੀ ਖੂਬੀਆਂ ਨੂੰ ਸ਼ਾਇਰੀ ਵਿਚ ਖੂਬਸੂਰਤੀ ਪੈਦਾ ਕਰਨ ਲਈ ਖੂਬ ਵਰਤਿਆ ਹੈ ਜਦੋਂ ਕਿ ਖ਼ਾਮੀਆਂ ਤੋਂ ਕਾਫੀ ਹੱਦ ਤੱਕ ਬਚਣ ਦੀ ਕੋਸ਼ਿਸ਼ ਕੀਤੀ ਹੈ। ਉਹ ਪਾਠਕਾਂ ਨਾਲ ਸਪਾਟ ਨਹੀਂ, ਗੁੱਝੀਆਂ-ਅਰਥਾਤ ਰਮਜ਼ ਨਾਲ ਗਲ ਕਰਨੀ ਵਧੇਰੇ ਯੋਗ ਸਮਝਦਾ ਹੈ। ਕਹਿਣ ਢੰਗ ਸਾਦਗੀ ਤੋਂ ਸੂਖਮਤਾ ਵੱਲ ਅਜਿਹੀ ਦਿਸ਼ਾ ਰਖਦਾ ਹੈ ਜਿਸ ਵਿਚ ਸ਼ਾਇਰ ਦੀ ਨਿਰਛਲਤਾ, ਮਾਸੂਮੀਅਤ, ਕੋਮਲਤਾ ਅਤੇ ਸੁਭਾਅ ਦੀ ਮਾਨਵਵਾਦੀ ਦ੍ਰਿਸ਼ਟੀ ਪ੍ਰਤੱਖ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦੀ ਹੈ। ਸੁਭਾਸ਼ ਕਲਾਕਾਰ ਵੀ ਹੈ ਤੇ ਕਲਮਕਾਰ ਵੀ ਖੂਬ ਹੈ। ਜੇ ਉਸਦਾ ਸੰਘਰਸ਼ਸੀਲ ਆਪਾ, ਸ਼ਾਮ ਢਲੇ ਆਪਣੇ ਘਰ ਦੇ ਹਨੇਰੇ ਨੂੰ ਚਿਰਾਗਾਂ ਨਾਲ ਰੌਸ਼ਨ ਕਰਨਾ ਚਾਹੁੰਦਾ ਹੈ, ਤਾਂ ਉਸਦਾ ਫ਼ਨਕਾਰ ਹੱਥ ਬੁਰਸ਼ ਚੁੱਕ ਕੇ ਹਨੇਰੇ ਵਿਚ ਰੌਸ਼ਨੀਆਂ ਦੇ ਛਿੱਟੇ ਮਾਰਨ ਲਗਦਾ ਹੈ ਜਦੋਂ ਕਿ ਉਸਦਾ ਕਲਮਕਾਰ ਆਪਾ, ਸਮਾਜਿਕ ਕੁਰੀਤੀਆਂ ਦ ਹਨੇਰ ਨੂੰ, ਸ਼ਬਦ ਸ਼ਕਤੀ ਨਾਲ ਭਰੇ ਬਿਜਲਈ ਪ੍ਰਗਟਾ ਢੰਗ ਨਾਲ, ਸੰਘਰਸ਼ੀਲ ਵਿਅਕਤੀਆਂ ਨਾਲ ਖੜਾ ਨਜ਼ਰ ਆਉਂਦਾ ਹੈ। ਉਸਦੇ ਸ਼ਿਅਰਾਂ ਵਿਚ ਇਸੇ ਸੰਘਰਸ਼ ਨੇ ਤੜਪ, ਬੇਕਰਾਰੀ ਅਤੇ ਆਵਾਰਗੀ ਨੂੰ ਜਨਮ ਦਿਤਾ ਹੈ ਜੋ ਉਸਦੇ ਸ਼ਿਅਰਾਂ ਦੀ ਸ਼ਕਤੀ ਬਣੀ ਹੈ। ਉਸਦੇ ਸ਼ਿਅਰਾਂ ਦੀ ਮੌਲਿਕਤਾ, ਅਨੁਭਵ ਦੀ ਸੁੱਚਜਤਾ ਅਤੇ ਚਿੰਤਨ ਦੀ ਪ੍ਰਮਾਣੀਕਤਾ ਅਤੇ ਗਹਿਰ ਗੰਭੀਰਤਾ ਉਸਦੇ ਸ਼ਾਇਰੀ ਦੀ ਜਿੰਦ ਜਾਨ ਹੈ। ਜਿਥੇ ਕਿਤੇ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦਾ ਹੈ ਉਥੇ ਉਸਦੀ ਸ਼ਾਇਰੀ ਵਧੇਰੇ ਸੰਚਾਰਿਤ ਅਤੇ ਟੁੰਬਵੀਂ ਹੋ ਜਾਂਦੀ ਹੈ ਆਪਣੀ ਮਹਿਬੂਬਾ ਨੂੰ ਸੰਬੋਧਿਤ ਕਰਦਿਆਂ, ਇਸ਼ਤਿਆਰੇ ਦੀ ਖੂਬ-ਸੂਰਤ ਵਰਤੋਂ ਵੇਖਣ ਵਾਲੀ ਹੈ :

ਨਦੀਆਂ ਵਿਚ ਬਰਸਾਤੀ ਨਾਲੇ ਆਪਣਾ ਆਪ ਗੁਆਂਦੇ ਜਿੱਦਾਂ
ਦੁਨੀਆਂ ਭਰ ਦੇ ਦੁੱਖਾਂ ਵਿਚ ਤੇਰੇ ਕੁਝ ਗ਼ਮ ਵੀ ਰਲ ਜਾਂਦੇ ਨੇ

ਤਕਰਾਰ ਨਾਲ ਸ਼ਿਅਰਾਂ ਨੂੰ ਸੁਹੱਪਣ ਬਖਸ਼ਣ ਲਈ, ਉਸਦੀ ਸ਼ਬਦ ਜੜ੍ਹਤ ਕਈ ਥਾਂ ਕਮਾਲ ਦੀ ਹੈ :

ਨੂਰ ਦੇ ਤੂਰ ਬਹੁਤ ਦੂਰ ਨਜ਼ਰ ਆਏ ਖੁਦਾ
ਮੈਂ ਸਿਮਟਦਾ ਹੀ ਰਿਹਾ ਆਪਣਾ ਪਸਾਰਾ ਕਰਕੇ।

ਤਗ਼ਜ਼ੁਲ, ਦਾ ਰੰਗ ਗ਼ਜ਼ਲ ਦੀ ਖਾਸ ਖੂਬੀ ਹੈ। ਸੁਭਾਸ਼ ਦੀ ਸ਼ਾਇਰੀ ਵਿਚ ਜਿੱਥੇ ਇਹ ਰੰਗ ਉਘੜਵਾਂ ਹੈ ਉਥੇ ਬਹਿਰ ਵਿਭਿੰਨਤਾ ਅਤੇ ਬੰਦਿਸ਼ ਤੇ ਕਾਬੂ, ਬੇ-ਵਜ਼ਨ ਲੋਕਾਂ ਵਿਚ ਖੜੋ ਕੇ ਵੇਖਿਆ, ਸੁਭਾਸ਼ ਰਾਹਤ ਦਿੰਦਾ ਹੈ।

ਕਿਤੇ ਕਿਤੇ ਸ਼ਿਅਰਾਂ ਦੇ ਦੋਨਾਂ ਮਿਸਰਿਆਂ ਦਾ ਦਸਤੋ ਗਿਰੇਬਾਂ ਨਾ ਹੋਣਾ ਤਕਰਾਰ ਦੀ ਬੇਲੋੜੀ ਵਰਤੋਂ ਅਤੇ ਉਰਦੂ ਸ਼ਬਦਾਵਲੀ ਦੀ ਬਹੁਲਤਾ ਅੱਖਰਦੀ ਹੈ। ਸੁਭਾਸ਼ ਦੀ ਆਉਣ ਵਾਲੀ ਸ਼ਾਇਰੀ ਇਸ ਪੱਖੋਂ ਸੁਚੇਤ ਹੋ ਕੇ ਵਧੇਰੇ ਸੁਦ੍ਰਿੜ ਹੋਵੇ, ਮੈਨੂੰ ਆਸ ਹੈ।

## ਅਰਥ ਅਨਰਥ (ਕਹਾਣੀਆਂ)

ਅਮਰਦੀਪ ਗਿੱਲ

ਸੁਰਿੰਦਰ ਸਿੰਘ ਪਕਰੌੜ ਉਮਰ ਦਾ ਨਵਾਂ ਲੇਖਕ ਹੈ। 'ਅਰਥ ਅਨਰਥ' ਉਸ ਦਾ ਪਹਿਲਾ ਕਹਾਣੀ ਸੰਗ੍ਰਿਹ ਹੈ ਜਿਸ ਵਿਚ ਉਸ ਦੀਆਂ ਸੋਲ੍ਹਾਂ ਕਹਾਣੀਆਂ ਹਨ। ਇਹ ਕਹਾਣੀਆਂ ਦੇ ਵਿਸ਼ੇ ਸਮਾਜਿਕ ਤੇ ਰਾਜਸੀ ਢਾਂਚੇ ਵਿਚਲੇ ਗਲਤ ਵਰਤਾਰੇ ਹਨ। ਲੇਖਕ ਨੇ ਬਹੁਤੀਆਂ ਕਹਾਣੀਆਂ ਆਮ ਲੋਕਾਂ ਦੀ ਖੁੰਢ ਚਰਚਾ ਬਾਰੇ ਲਿਖੀਆਂ ਹਨ। ਜਿਹੜੇ ਲੋਕ ਆਪਣੇ ਸਮਾਜਿਕ ਦਰਜੇ ਤੇ ਸਾਮਤ ਸੋਚ ਅਧੀਨ ਨਿਰਣੇ ਕਰਦੇ ਹਨ, ਇਹਨਾਂ ਨਿਰਣਿਆਂ ਦਾ ਪਰਣੀਕ ਤੇ ਦਰੁਸਤ ਹੋਣਾ ਲਾਜ਼ਮੀ ਨਹੀਂ ਹੈ। ਲੋਕ ਇਸ ਤਰ੍ਹਾਂ ਕਰਨ ਨਾਲ ਕਿਸੇ ਰਾਜਸੀ ਜਾਂ ਸਮਾਜਿਕ ਵਰਤਾਰੇ ਨੂੰ ਨਿੰਦਦੇ ਜਾਂ ਵਡਿਆਉਂਦੇ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ ਅਜੋਕੀਆਂ ਪ੍ਰਸਥਿਤੀਆਂ ਵਿਚ ਪੁਲਸ ਦੇ ਵਿਵਹਾਰ ਬਾਰੇ ਹੈ। ਜਿਸ ਵਿਚ ਪੁਲਿਸ ਇਕ ਕਿਸਾਨ ਦੇ ਪੁੱਤ ਨੂੰ ਲੈ ਜਾਂਦੀ ਹੈ ਅਤੇ ਕਿਤੇ ਖਪਾ ਦਿੰਦੀ ਹੈ। ਅਣਪਛਾਤਾ ਕਹਿ ਕੇ ਮਾਰ ਦਿੰਦੀ ਹੈ। ਅਜਿਹੇ ਕੇਸਾਂ ਨੂੰ ਪੁਲਿਸ ਲਾਵਾਰਿਸ ਖਾਤੇ ਵਿਚ ਰੱਖਦੀ ਹੈ।

'ਮਿਥਿਹਾਸਕ ਸੱਚ' ਆਮ ਖੁੰਡ ਚਰਚਾ ਵਿਚ ਘੜੀ ਗਈ ਕਹਾਣੀ ਹੈ। ਜਿਸ ਵਿਚ ਕਾਂਗਰਸ ਦੇ ਰਾਜ ਨੂੰ ਹੀਜੜਿਆਂ ਦਾ ਰਾਜ ਤੇ ਕਮਿਊਨਿਸਟਾਂ ਨੂੰ ਹਨੂੰਮਾਨ ਦੀ ਔਲਾਦ ਕਿਹਾ ਗਿਆ ਹੈ। ਇਸੇ ਤਰ੍ਹਾਂ ਵਿਆਹ ਨਾ ਹੋਣ ਦੀ ਸੂਰਤ ਵਿਚ ਕਰੇਵੇ ਰਾਹੀਂ ਲਿਆਂਦੀਆਂ ਤਰੀਮਤਾਂ ਘੱਟ ਹੀ ਸਾਰੀ ਉਮਰ ਦਾ ਸਾਥ ਨਿਭਾਉਂਦੀਆਂ ਹਨ। ਰਾਜਸੀ ਪਾਰਟੀਆਂ ਦਾ ਆਪਸੀ ਗਠਜੋੜ ਕਰੇਵੇ ਵਾਲੀਆਂ ਤੀਮੀਆਂ ਵਰਗਾ ਹੁੰਦਾ ਹੈ।

'ਪਾਟਿਆ ਨੋਟ' ਦੇ ਪ੍ਰਤੀਕ ਰਾਹੀਂ ਲੇਖਕ ਇਸਤਰੀ ਦੀ ਦੁਰਦਸ਼ਾ ਬਿਆਨ ਕਰਦਾ ਹੈ। ਜਿਹੜੀ ਪ੍ਰਸਥਿਤੀਆਂ ਕਾਰਨ ਇਕ ਪਿਛੋਂ ਦੂਜਾ ਵਿਆਹ ਕਰਵਾਉਂਦੀ ਹੈ ਅਤੇ ਇਸ ਸੰਘਰਸ਼ ਵਿਚ ਪਾਟੇ ਨੋਟ ਵਾਂਗ ਹੋ ਜਾਂਦੀ ਹੈ। 'ਸੱਥ ਦੇ ਬੋਹੜ' ਵਿਚ ਲੇਖਕ ਸੱਥ ਵਿਚ ਬੈਠੇ ਆਮ ਲੋਕਾਂ ਦੀ ਖੁੰਢ ਚਰਚਾ ਰਾਹੀਂ ਦੇਸ਼ ਦੀ ਰਾਜਸੀ ਤੇ ਸਮਾਜਿਕ ਸਥਿਤੀ ਦਾ ਵਰਨਣ ਕਰਦਾ ਹੈ। ਜਿਥੇ ਇਕ ਪਾਸੇ ਲੋਕ ਮਜ਼੍ਹਬ ਦੇ ਨਾਂ ਤੇ ਲੜ ਰਹੇ ਹਨ। ਅੱਤਵਾਦੀ ਅਤਿ ਚੁੱਕ ਰਹੇ ਹਨ ਤੇ ਸਧਾਰਨ ਮਾਸਟਰ ਇਕ ਸਰਪੰਚ ਦੇ ਸਹਾਰੇ ਸਕੂਲ ਹੀ ਨਹੀਂ ਜਾਂਦਾ।

'ਨਮਕੀਨ ਸਵਾਰੀ' ਵਿਚ ਲੇਖਕ ਡਰਾਈਵਰਾਂ ਤੇ ਕੰਡਕਟਰਾਂ ਦੇ ਸਧਾਰਨ ਇਸਤਰੀ ਮੁਸਾਫਰਾਂ ਨਾਲ ਕੀਤੇ ਜਾਂਦੇ ਵਿਵਹਾਰ ਦਾ ਵਰਨਣ ਕਰਦਾ ਹੈ। ਜਿਹਨਾਂ ਨੂੰ ਹਰ ਇਸਤਰੀ ਸਵਾਰੀ 'ਨਮਕੀਨ' ਲੱਗਦੀ ਹੈ। 'ਰੇੜ੍ਹੀ ਦਾ ਮਾਲ' ਕਹਾਣੀ ਵਿਚ ਲੇਖਕ ਆਮ ਲੋਕਾਂ ਨੂੰ ਰੇੜ੍ਹੀ ਦੇ ਅੱਧੋਰਾਣੇ ਤੇ ਸਸਤੇ ਮਾਲ ਨਾਲ ਤਰਜੀਹ ਦਿੰਦਾ ਹੈ। ਜਿਹੜੇ ਚੋਣਾਂ ਸਮੇਂ ਸਸਤੇ ਹੀ ਵਿਕ ਜਾਂਦੇ ਹਨ। 'ਛਲੇਡਾ' ਕਹਾਣੀ ਵਿਚ ਲੇਖਕ ਚਾਲੀ ਸਾਲਾਂ ਵਿਚ



ਆਜ਼ਾਦੀ ਦੀ ਹੋਈ ਦੁਰਦਸ਼ਾ ਬਾਰੇ ਦੱਸਦਾ ਹੈ। 'ਸੱਤਯਮੇਵ-ਅੱਧੋਗਤੇ' ਅਜੋਕੇ ਪ੍ਰਬੰਧ ਵਿਚ ਰਾਜਸੀ ਲੀਡਰਾਂ ਦੀ ਲੁੱਟ ਤੇ ਆਮ ਲੋਕਾਂ ਦੀ ਹੋ ਰਹੀ ਦੁਰਦਸ਼ਾ ਦਾ ਵਰਨਣ ਹੈ। ਟਾਈਟਲ ਦੀ ਕਹਾਣੀ 'ਅਰਥ-ਅਨਰਥ' ਵਿਚ ਲੇਖਕ ਅਸਲ ਗੱਲ ਦੇ ਵਿਗੜੇ ਅਰਥਾਂ ਦਾ ਵਰਨਣ ਕਰਦਾ ਹੈ ਜਿਵੇਂ ਰਿਜ਼ਰਵੇਸ਼ਨ ਦਲਿਤਾਂ ਨੂੰ ਉੱਚੇ ਚੁੱਕਣ ਲਈ ਕੀਤੀ ਗਈ ਸੀ ਪਰੰਤੂ ਬਣ ਗਈ ਉਚਿਆਂ ਨੂੰ ਹੋਰ ਉੱਚੇ ਚੁੱਕਣ ਵਾਲੀ 'ਸਟਪਨੀ' ਵਿਚ ਲੇਖਕ ਉਹਨਾਂ ਲੋਕਾਂ ਤੇ ਵਿਅੰਗ ਕਰਦਾ ਹੈ ਜਿਹੜੇ ਇਸਤਰੀ ਨੂੰ ਲੋੜ ਪੈਣ ਤੇ ਬਦਲੇ ਜਾ ਸਕਣ ਵਾਲੇ ਟਾਇਰ 'ਸਟਿੱਧਨੀ' ਸਮਝਦੇ ਹਨ।

'ਅਕਸਰ ਅਜਿਹਾ ਕਿਉਂ ਹੁੰਦਾ ਹੈ' ਕਹਾਣੀ ਵਿਚ ਲੇਖਕ ਪੰਜਾਬ ਵਿਚਲੇ ਅੱਤਵਾਦ ਦੇ ਮੂਲ ਕਾਰਨਾਂ, ਉਹਦੇ ਗੈਰ ਮਨੁੱਖੀ ਵਿਵਹਾਰ ਤੇ ਆਮ ਲੋਕਾਂ ਦੇ ਬਿਨਾਂ ਕਾਰਨ ਕਤਲਾਂ ਵੱਲ ਧਿਆਨ ਦੇਣ ਦੀ ਥਾਂ ਇੱਕੜ-ਦੁੱਕੜ ਪੁਲਿਸ ਵਧੀਕੀਆਂ ਦਾ ਵਰਨਣ ਕਰਕੇ ਸਮੁੱਚੇ ਮਸਲ ਦਾ ਸਧਾਰਨੀਕਰਨ ਹੁੰਦਾ ਹੈ। ਇਹ ਕਿਸੇ ਚੇਤਨ ਮਨੁੱਖ ਦਾ ਵਰਨਣ ਹੋਣ ਦੀ ਥਾਂ ਆਮ ਸਿੱਖ ਮਾਨਸਿਕਤਾ ਦਾ ਪ੍ਰਗਟਾਵਾ ਹੈ। 'ਧੀਆਂ ਧਿਆਣੀਆਂ' ਤੇ 'ਇਹ ਦਿਸਹਦਾ' ਕੁੜੀਆਂ ਨਾਲ ਹੁੰਦੇ ਅਨਿਆਂ ਬਾਰੇ ਹੈ, ਜਿਹਨਾਂ ਨੂੰ ਪਹਿਲਾਂ ਜੰਮਣ ਤੇ ਹੁਣ ਗਰਭ ਵਿਚ ਹੀ ਕਤਲ ਕਰ ਦਿੱਤਾ ਜਾਂਦਾ ਹੈ। 'ਦੁਲੱਤੀ' ਦਾਜ ਪ੍ਰਥਾ ਤੇ ਇਕ ਵਿਅੰਗ ਹੈ ਜਿਸ ਵਿਚ ਦਾਜ ਦੇ ਲਾਲਚੀ ਦੋ ਪਰਿਵਾਰ ਇਕ ਚੰਦ ਵਰਗੀ ਕੁੜੀ ਗੁਆ ਬਹਿੰਦੇ ਹਨ।

'ਬਦਲਦੇ ਪੈਂਡੇ ਦੇ ਪਾਂਧੀ' ਨਕਸਲੀ ਲਹਿਰ ਤੇ ਇਕ ਵਿਅੰਗ ਹੈ। ਜਿਸ ਵਿਚ ਬਹੁਤੇ ਮੱਧ ਵਰਗ ਦੇ ਹਿੰਦੂ ਸਨ, ਜਿਹੜੇ ਕਿਸ ਸਮੇਂ 'ਬੰਦੂਕ 'ਚੋਂ ਰਾਜਸੀ ਸ਼ਕਤੀ ਨਿਕਲਣ' ਦੀ ਵਕਾਲਤ ਕਰਦੇ ਸਨ, ਪਰੰਤੂ ਸਮਾਂ ਮਿਲਣ ਤੇ ਉਸੇ ਰਾਜ ਸੱਤਾ ਦਾ ਪੁਰਜ਼ਾ ਬਣ ਗਏ ਹਨ। ਜੁਝਾਰੂ ਵਰਗੇ ਗਰੀਬ ਪਰਿਵਾਰਾਂ ਦੇ ਗਭਰੂ ਕਾਸੇ ਜੋਗੇ ਨਾ ਰਹੇ।

ਰੂਪਕ ਪੱਖੋਂ ਇਹ ਕਹਾਣੀਆਂ, ਕਹਾਣੀਆਂ ਨਹੀਂ ਹਨ। ਬਾਤਾਂ, ਸਾਖੀਆਂ ਜਾਂ ਹਦਾਇਤਾਂ ਕਹੀਆਂ ਜਾ ਸਕਦੀਆਂ ਹਨ। ਸਾਰੀਆਂ ਕਹਾਣੀਆਂ ਵਿਚ ਲੇਖਕ ਆਪ ਨਾਇਕ ਹੈ ਤੇ ਆਪਣੀ ਜ਼ੁਬਾਨੀ ਸਾਰੀ ਕਥਾ ਬਿਆਨ ਕਰਦਾ ਹੈ। ਕੋਈ ਪਲਾਟ ਨਹੀਂ, ਕੋਈ ਪਾਤਰ ਉਸਾਰੀ ਨਹੀਂ। ਅੰਤ ਵੀ ਸੁਹਿਜ ਨਹੀਂ ਹਨ। ਨਾਇਕ ਆਪ ਹੀ ਸਿੱਟੇ ਕੱਢਦਾ ਹੈ। ਕਲਾਤਮਕ ਪੱਖੋਂ ਇਹ ਬਹੁਤ ਵੱਡੀ ਘਾਟ ਹੈ। ਲੇਖਕ ਕੋਲ ਗੱਲ ਕਹਿਣ ਲਈ ਹੈ। ਗੱਲ ਕਹਿਣੀ ਵੀ ਆਉਂਦੀ ਹੈ, ਪਰੰਤੂ ਹਾਲੇ ਕਲਾਤਮਕ ਪੱਖੋਂ ਹੋਰ ਮਿਹਨਤ ਦੀ ਲੋੜ ਹੈ। ਵਿਸ਼ੇ ਪੱਖੋਂ ਕਹਾਣੀਆਂ ਤਕੜੀਆਂ ਹਨ, ਇਹਨਾਂ ਵਿਚ ਰਾਜਸੀ ਤੇ ਸਮਾਜਿਕ ਸਵਾਲਾਂ ਤੇ ਵਿਅੰਗ ਕੀਤੇ ਗਏ ਹਨ। ਆਸ ਹੈ ਪਾਠਕ ਇਸ ਨੂੰ ਚੰਗਾ ਹੁੰਗਾਰਾ ਭਰਨਗੇ।

○

## ਮਿੱਤਰਾਂ ਦੇ ਖ਼ਤ

ਡਾ: ਸੁਹਿੰਦਰਬੀਰ ਹੁਰਾਂ ਦਾ 'ਰਾਗ ਮਲਹਾਰ' ਬਾਰੇ ਰੀਵਿਊ ਛਪਿਆ ਹੈ— ! ਮੈਂ ਜਾਣਦਾ ਹਾਂ 'ਮਲਹਾਰ' ਸ਼ਬਦ ਨੂੰ ਮੱਲਾਰ ਜਾਂ ਮਲ੍ਹਾਰ ਵੀ ਲਿਖਿਆ ਜਾਂਦਾ ਰਿਹਾ ਹੈ ਪਰ ਕੀ ਸਾਰੇ ਸ਼ਬਦ ਹੁਣ ਅਸੀਂ ਪਹਿਲਾਂ ਵਾਂਗ ਹੀ ਲਿਖਦੇ ਹਾਂ ? ਭਾਵੇਂ ਸੁਹਿੰਦਰਬੀਰ ਦੀਆਂ ਕੁੱਝ ਗੱਲਾਂ ਨੇ ਮੈਨੂੰ ਪ੍ਰਭਾਵਤ ਵੀ ਕੀਤਾ ਹੈ ਪਰ ਮੈਂ ਇਹ ਵੀ ਮਹਿਸੂਸ ਕੀਤਾ ਹੈ ਕਿ ਉਹ ਖੁਦ ਉਲਾਰ ਹੋਣ ਦੇ ਨਾਲ ਨਾਲ ਉਪਭਾਵਕਤਾ ਤੋਂ ਵੀ ਬਚ ਨਹਾਂ ਸਕਿਆ । ਜ਼ਿਆਦਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਮੈਂ ਉਹਨਾਂ ਵਲੋਂ ਉਠਾਏ ਗਏ ਦੋ ਤਿੰਨ ਕਿੰਤੂਆਂ ਪਰੰਤੂਆਂ ਦਾ ਜਵਾਬ ਹੀ ਦੇਵਾਂਗਾ ਕਿਉਂ ਜੋ (?) ਲਗਾ ਕੇ ਇਹਨਾਂ ਦੇ ਜਵਾਬ ਮੰਗੇ ਗਏ ਹਨ । ਸੋ ਜਵਾਬ ਦੇਣੇ ਬਣਦੇ ਹਨ ।

? (1) ਦਾ ਜਵਾਬ : ਪਾਣੀ ਵਿਚ ਅੱਗ ਦੀ ਲਕੀਰ ਖਿੱਚੀ ਜਾ ਸਕਦੀ ਹੈ। ਵੇਖਣ ਦੇ ਕਿਸੇ ਚਾਹਵਾਨ ਨੂੰ ਇਹ ਪ੍ਰਸੰਗ ਵਿਖਾਇਆ ਵੀ ਜਾ ਸਕਦਾ ਹੈ । ਵੈਸੇ ਕਵਿਤਾ ਵਿਚ ਹਰ ਗੱਲ ਸਿੱਧੇ ਅਰਥਾਂ ਵਿਚ ਵੀ ਨਹੀਂ ਹੁੰਦੀ । ਅਫਸੋਸ...ਇਹ ਗੱਲਾਂ ਕਿਸੇ ਸਾਹਿਤ ਦੇ ਡਾ. ਨੂੰ ਕਹਿਣੀਆਂ ਪੈ ਰਹੀਆਂ ਨੇ... ।

? (2) ਦਾ ਜਵਾਬ : ਜੰਗਲ ਦਾ ਰੂਪਕ ਸਦਾ ਨਾਂਹ-ਮੁਖਤਾ ਲਈ ਹੀ ਨਹੀਂ ਵਰਤਿਆ ਜਾਂਦਾ । ਲੋਕਾਂ ਦੇ ਸਮੂੰਹ ਨੂੰ ਵੀ ਜੰਗਲ ਕਿਹਾ ਜਾਂਦਾ ਹੈ ਜਿਵੇਂ 'ਜਦੋਂ ਜੰਗਲ ਜਲੇ ਸਾਰਾ' ਜਾਂ 'ਧੁਖਦਾ ਜੰਗਲ ਮਹਿਲਾਂ ਵਲ ਨੂੰ ਜਾ ਵੀ ਸਕਦਾ ਹੈ ।' ਇਥੇ ਇਹ ਲੋਕਾਈ ਦੇ ਅਰਥਾਂ ਵਿਚ ਵਰਤਿਆ ਗਿਆ ਹੈ । ਮਨੁੱਖ ਦੇ ਮਨ ਵਿਚ ਇਕ ਸੋਚਾਂ ਦਾ ਜੰਗਲ ਵੀ ਹੁੰਦਾ ਹੈ ਜੋ ਵਰਜਿਤ ਰਿਸ਼ਤਿਆਂ ਵਾਂਗ ਸਾਨੂੰ ਹਾਂਟ ਵੀ ਕਰਦਾ ਹੈ । ਬਾਕੀ ਅਖੌਤੀ ਸੱਭਿਅਕ ਦੇ ਅੰਦਰ ਵੀ ਇਕ ਜੰਗਲ ਹੁੰਦਾ ਹੈ । ਸਿਰਫ ਜੰਗਲ ਦਾ ਰਾਜ ਨਾਂਹ-ਮੁਖਤਾ ਲਈ ਹੈ ।

? (3) ਦਾ ਜਵਾਬ ; ਪੰਛੀ ਦਾ ਘਰ ਕਿਸੇ ਪਰਬਤ ਦੀ ਟੀਸੀ 'ਤੇ ਹੋਣ ਦੀ ਕਲਪਨਾ ਵੀ ਤਾਂ ਸ਼ਇਰਾਨਾ ਰੰਗ ਵਿਚ ਕੋਈ ਇਕਾਂਤ ਦਾ ਰਸੀਆ ਕਰ ਸਕਦਾ ਹੈ । ਜ਼ਰੂਰੀ ਨਹੀਂ ਹਰ ਕੋਈ ਸਮੂਹ ਵਾਂਗੂ ਭੇਡ ਚਾਲ ਦੀ ਤਰਾਂ ਹੀ ਸੋਚੇ (ਵੈਸੇ ਮਿਸਾਲ ਇਸ ਦੀ ਵੀ ਮਿਲ ਸਕਦੀ ਹੈ) ।

? (4) ਦਾ ਜਵਾਬ : ਆਲੋਚਕ ਜੇ ਕੁੱਝ ਪਰੂਫਾਂ ਦੀਆਂ ਗਲਤੀਆਂ ਵੀ ਲੇਖਕ ਦੀਆਂ ਗਲਤੀਆਂ ਦੱਸ ਕੇ ਹੀ ਆਪਣੀ ਵਿਦਵਤਾ ਵਿਖਾਉਣ ਲੱਗ ਪੈਣ ਤਾਂ ਪੈ ਗਈਆਂ ਪੂਰੀਆਂ । ਕੀ ਜ਼ਰਾ ਜਾਂ ਜ਼ਰਾ ਦਾ ਫਰਕ ਸਿਰਫ ਡਾ. ਹੀ ਜਾਣਦੇ ਹਨ ?

—ਮਹਿਮਾ ਸਿੰਘ

---

ਚਿਰਾਗ਼-4 ਵਿਚ ਅਤਰਜੀਤ ਦੀ 'ਖੁਸ਼ਕ ਦਰਿਆ' ਵਿਸ਼ੇ ਤੇ ਰੂਪ ਪੱਖੋਂ ਜਾਨਦਾਰ ਸੀ ਪਰ ਸੰਤੋਖ ਸਿੰਘ ਧੀਰ ਦੀ ਕਹਾਣੀ ਬਹੁਤ ਕਮਜ਼ੋਰ ਰਹੀ ਇਸ ਨਾਲੋਂ ਤਾਂ ਉਹਨਾਂ ਦੇ ਅਖਬਾਰਾਂ 'ਚ ਜਦਾ ਕਦਾ ਛਪਦੇ ਝਾੜੀਆਂ ਦੇ ਫੁੱਲ ਹੀ ਵੱਧ ਖੁਸ਼ਬੂਦਾਰ ਹੁੰਦੇ । ਮੇਜਰ ਪਿਆਰਾ ਸਿੰਘ ਦੀ ਸ਼ਾਇਰੀ ਸੁਆਦੀ ਸੀ ਪਰ ਸਵਰਨ ਚੰਦਨ ਦਾ ਗੁਰਬਚਨ ਦੇ ਲੇਖ



(ਸਾਹਿਤ ਦੀ ਪੋਲੀ ਦੁਨੀਆਂ) ਦਾ ਦਿਤਾ ਉੱਤਰ ਬੁਧ-ਬੋਧ ਤੋਂ ਊਣਾ ਹੋਣ ਕਰਕੇ ਨਿਜੀ ਲਾਗ ਬਾਜ਼ੀ ਤੱਕ ਮਹਿਦੂਦ ਹੋਇਆ ਭਾਸਿਆ । ਵਾਦ-ਵਿਵਾਦ 'ਚ ਸੰਵਾਦੀ ਸੁਰ ਦੀ ਗੂੰਜ ਰਹਿਣੀ ਚਾਹੀਦੀ ।

—ਸ਼ਾਹ ਚਮਨ ਕੋਟਕਪੂਰਾ

---

ਸਾਰੇ ਅੰਕ ਬਹੁਤ ਹੀ ਖੂਬ ਸੂਰਤੀ ਨਾਲ ਅੱਗੇ ਵਧ ਰਹੇ ਹਨ ! ਵਿਚਾਰ-ਚਰਚਾ ਆਰੰਭ ਕਰਕੇ ਪਰਚੇ 'ਚ ਤੁਸੀਂ ਹੋਰ ਵੀ ਰੌਚਿਕਤਾ ਲੈ ਆਂਦੀ ਹੈ । ਪਰ ਵਿਚਾਰ-ਚਰਚਾ ਜ਼ਰੂਰੀ ਹੈ ਕਿ ਉਦੇਸ਼ ਪੂਰਨ ਤੇ ਸਾਰਥਕ ਹੋਵੇ ।

—ਗੁਰਮੀਤ ਕੱਲਰ ਮਾਜਰੀ

---

ਮੋਹਾਲੀ, 7-5-93

ਹੁੰਦਲ ਜੀ,

ਅੱਜ ਜ਼ਰਾ ਹੌਂਸਲਾ ਕਰਕੇ ਸਾਰੀ ਕਹਾਣੀ ਪੜ੍ਹਨੀ ਚਾਹੀ—ਇਹ ਗੱਲ ਦੇਖਣ ਲਈ । 67 ਤਾਂ ਇਸ ਵਿਚ ਗਲਤੀਆਂ ਹਨ, 5 ਥਾਂ ਕਈਆਂ ਕਈਆਂ ਲਾਈਨਾਂ ਦੀਆਂ See ਕਾਪੀਆਂ ! (ਲਾਈਨਾਂ ਦੀਆਂ ਲਾਈਨਾਂ ਛੱਡੀਆਂ ਹੋਈਆਂ) ਮਰੇ ਸਾਰੇ ਜੀਵਨ ਵਿਚ ਮੇਰੀ ਕਿਸੇ ਲਿਖਤ ਨਾਲ ਏਨੀ ਬੁਰੀ ਨਹੀਂ ਹੋਈ । ਅਰਥ ਹੀ ਕੋਈ ਰਹੇ ਨਹੀਂ ।

ਕਈ ਥਾਂ ਬਲੰਡਰਜ਼ ਹਨ । ਜਿਥੇ ਛੋਟਾ ਚਾਹੀਦਾ ਸੀ ਉਥੇ ਵੱਡਾ !

ਤੁਸੀਂ ਅਫਸੋਸ ਲਿਖ ਕੇ ਭੇਜੋਗੇ । ਪਰ ਜਿਹੜੀ ਦੁਰਦਸ਼ਾ ਇਸ ਕਹਾਣੀ ਦੀ ਹੋ ਚੁੱਕੀ ਹੈ ਉਹ ਕਿਵੇਂ ਸੰਵਰ ਸਕਦੀ ਹੈ ?

—ਤੁਹਾਡਾ ਸੰਤੋਖ ਸਿੰਘ ਧੀਰ

---

ਸਤਿਕਾਰ ਯੋਗ ਹੁੰਦਲ ਜੀ,

'ਚਿਰਾਗ਼-2' ਵਿਚ ਪ੍ਰਕਾਸ਼ਿਤ 'ਕਾਲਾ ਬੈਗ' ਅਤੇ ਇਸ ਤੋਂ ਪਹਿਲਾਂ 'ਆਰਸੀ' ਵਿਚ ਪ੍ਰਕਾਸ਼ਿਤ ਕਹਾਣੀ (ਜਿਹੜੀ ਪਿਛੋਂ ਅਖਬਾਰਾਂ ਵਿਚ ਵੀ ਛਪਵਾਈ ਗਈ) ਤੋਂ ਲੱਗਿਆ ਹੀ ਸੀ ਕਿ ਸ੍ਰੀ ਸੰਤੋਖ ਸਿੰਘ ਧੀਰ ਸਿਰਜਾਣਮਕਤਾ ਦਾ ਦੌਰ ਹੰਢਾ ਚੁੱਕੇ ਹਨ, ਪਰ 'ਜਮਪੁਰੀ ਨੂੰ ਜਾਂਦਾ ਰਾਹ' ਨੇ ਸਾਬਿਤ ਕਰ ਦਿਤਾ ਹੈ ਕਿ ਉਹ ਸਮੇਂ ਦੇ ਯਥਾਰਥ ਨੂੰ ਸਮਝਣ ਵਿਚ ਵੀ ਅਸਮਰੱਥ ਹੋ ਗਏ ਹਨ । ਜਿਥੇ ਇਹ ਸਚਾਈ ਉਹਨਾਂ ਦੇ ਪ੍ਰਸੰਸਕਾਂ ਲਈ ਚਿੰਤਾ ਵਾਲੀ ਗੱਲ ਹੈ, ਉਥੇ 'ਚਿਰਾਗ਼' ਦੇ ਸੰਪਾਦਕੀ ਮੰਡਲ ਦੀ ਸੂਝ-ਬੂਝ ਬਾਰੇ ਵੀ ਸ਼ੰਕੇ ਉਤਪੰਨ ਕਰਦੀ ਹੈ ।

ਮੈਨੂੰ ਸ੍ਰੀ ਧੀਰ ਦੀ ਕਹਾਣੀ ਵੇਖ ਕੇ ਨਿਰਾਸ਼ਾ ਹੋਈ ਕਿ 'ਚਿਰਾਗ਼' ਨੇ ਰੌਸ਼ਨੀ ਦੇ ਰਾਹ ਦੀ ਥਾਂ 'ਜਮਪੁਰੀ' ਦਾ ਰਾਹ ਦੱਸਣ 'ਚ 'ਯੋਗਦਾਨ' ਪਾਇਆ ਹੈ ।

—ਸ਼ਬਦੀਸ਼

EJ-272, ਚਹਾਰ ਬਾਗ਼ ਜਲੰਧਰ

## ਲਾਹੌਰ ਦੀ ਚਿੱਠੀ

ਅਸੀਂ ਜਿਹੜੀਆਂ ਔਕੜਾਂ ਵਿਚ ਫਸੇ ਹੋਏ ਹਾਂ ਉਹਨਾਂ ਦਾ ਅੰਦਾਜ਼ਾ 'ਮਾਂ ਬੋਲੀ' ਨੂੰ ਇਸ਼ਤਿਹਾਰਾਂ ਤੋਂ ਬਿਨਾਂ ਵੇਖ ਕੇ ਤੁਹਾਨੂੰ ਹੋ ਗਿਆ ਹੋਣਾ ਏ ! ਮੁਆਮਲਾ ਇਹ ਹੈ ਬਈ ਉਰਦੂ ਸਾਨੂੰ ਅਮਰ-ਵੇਲ ਬਣ ਕੇ ਚੰਬੜੀ ਹੋਈ ਏ । ਲੋਕ ਮਾਂ ਬੋਲਦੇ ਤੇ ਹੈਨ, ਪਰ ਪੜ੍ਹਨ ਲਿਖਣ ਸਾਰਾ ਉਰਦੂ ਵਿਚ ਹੀ ਕਰਦੇ ਨੇ। ਉਰਦੂ ਦਾ ਰੋਹਬ ਈ ਬੜਾ ਬੈਠਾ ਹੋਇਆ ਏ ਸਾਡੇ ਸਿਰਾਂ 'ਤੇ । ਅਸੀਂ ਤੇ ਅਜੇ ਆਪਣੇ ਲੋਕਾਂ ਨੂੰ ਆਪਣੀ ਬੋਲੀ ਦਾ ਚਸਕਾ ਲਾਉਣ ਦਾ ਆਹਰ ਪਏ ਕਰਦੇ ਹਾਂ ਏਸ ਤੋਂ ਵੱਧ ਕੁਝ ਨਹੀਂ । ਸਰਕਾਰ ਕੋਲ ਜੋ ਕੁਝ ਵੀ ਪੰਜਾਬ ਵਿਚੋਂ ਇਕੱਠਾ ਹੁੰਦਾ ਏ, ਉਹ ਪੰਜਾਬੀ ਦੀਆਂ ਜੜ੍ਹਾਂ ਵੱਢਣ ਲਈ ਵਰਤਿਆ ਜਾਂਦਾ ਏ ਉਤੋਂ ਤੁਹਾਡੀਆਂ ਕਾਨਫਰੰਸਾਂ ਵਿਚ ਵੀ ਜਿਹੜੇ ਲੋਕ ਪੰਜਾਬ ਦੇ ਆਗੂ ਮੰਨ ਕੇ ਨਿੱਤ ਸੱਦੇ ਤੇ ਬੁਲਾਏ ਜਾਂਦੇ ਨੇ ਉਹੀ ਈ ਹੁੰਦੇ ਨੇ ਜਿਹੜੇ ਬੋਲਣ ਦੀ ਹੱਦ ਤੀਕਰ ਪੰਜਾਬੀ ਨੇ, ਪਰ ਪੰਜਾਬੀ ਪੜ੍ਹਾਈ ਲਿਖਾਈ ਕਰਨ ਨੂੰ ਬੁਰਾ ਖਿਆਲ ਕਰਦੇ ਨੇ, ਬਹਿਰ ਹਾਲ ਇਹ ਤੇ ਕਾਨਫਰੰਸਾਂ ਕਰਾਉਣ ਵਾਲੇ ਜਾਨਣ ਤੇ ਅਖੌਤੀ ਆਗੂ ਜਾਨਣ ।

'ਦਾਮਨ ਦੇ ਮੋਤੀ' ਸਣੇ ਕੁਝ ਕਿਤਾਬਾਂ ਆਪਣੇ ਅਦਾਰੇ ਦੀਆਂ ਛਾਪੀਆਂ ਘੱਲਦਾ ਪਿਆ ਹਾਂ । ਇਹਨਾਂ ਵਿਚ ਮੇਰੀਆਂ ਕਹਾਣੀਆਂ ਦੀ ਕਿਤਾਬ ਤੋਂ ਇਲਾਵਾ ਸਾਡੇ ਮੁਲਕ ਦੇ ਨੁਮਾਇੰਦਾ ਪੰਜਾਬੀ ਲਿਖਾਰੀਆਂ ਦੀ ਸ਼ਾਇਰੀ, ਪਰਖ ਤੇ ਡਰਾਮੇ ਦੀਆਂ ਕਿਤਾਬਾਂ ਨੇ । ਮਿਲਣ ਦੀ ਖ਼ਬਰ ਕਰ ਦਿਆ ਜੇ ।

'ਮਾਂ ਬਲੀ' ਦੇ ਖਰੀਦਾਰਾਂ ਲਈ ਹੋਰ ਵੀ ਕੁਝ ਕਰ ਸਕੋ ਤਾਂ ਸਾਡੇ ਸੁਭਾਗ ਹੋਣਗੇ । ਅੱਗੇ ਕੋਈ ਕਾਨਫਰੰਸ ਹੋਵੇ ਤਾਂ ਆੜ੍ਹਤੀਆਂ ਨੂੰ ਸੱਦੇ ਵਰਤਾਵਣ ਦੀ ਥਾਂ ਆਹਰੀਆਂ ਨੂੰ ਚੇਤੇ ਰੱਖਣ ਦੀ ਦੱਸ ਪਾਇਆ ਜੇ, ਆਪਣੇ ਕਾਨਫਰੰਸਾਂ ਕਰਾਉਣ ਵਾਲੇ ਲੋਕਾਂ ਨੂੰ, ਪੰਜਾਬੀ ਰੇਫਰੈਂਸ ਲਾਇਬਰੇਰੀ ਲਈ ਕੰਮ ਕਰਦੇ ਪਏ ਹਾਂ ਹਾਲਾਤ ਠੀਕ ਰਹੇ ਤੇ ਸਤੰਬਰ ਵਿਚ ਏਥੇ ਇਕ ਕਹਾਣੀ ਦਰਬਾਰ ਕਰਾਉਣ ਦਾ ਇਰਾਦਾ ਏ । ਜਿਹਦੇ ਵਿਚ ਦੋਹਾਂ ਮੁਲਕਾਂ ਦੇ ਲੋਕ—ਕਹਾਣੀ ਆਖਣ ਵਾਲਿਆਂ ਦੇ ਨਾਲ-ਨਾਲ ਵੱਡ ਕਹਾਣੀਕਾਰਾਂ ਨੂੰ ਵੀ ਸੱਦਿਆ ਜਾਸੀ । ਦਿੱਲੀ ਵਿਚ ਤੁਹਾਡੇ ਨਾਲ ਚੋਖੀਆਂ ਗੱਲਾਂ ਨਾ ਹੋ ਸਕੀਆਂ, ਅਫਸੋਸ ਹੁੰਦਾ ਏ, ਹੱਛਾ ਜੀਉਂਦੇ ਰਹੇ ਤਾਂ ਸਾਰੀਆਂ ਕਸਰਾਂ ਕੱਢਾਂਗਾ ।

ਨਿੱਘ ਤੇ ਪਿਆਰ ਨਾਲ, ਤੁਹਾਡਾ, ਮਕਸੂਦ ਸਾਕਿਬ ।

## ਪੰਜਾਬੀਆਂ ਦੇ ਨਾਂ ਖੁਲ੍ਹੀ ਚਿੱਠੀ

(ਕੁਝ ਅੰਸ਼)

ਚੌਧਰੀ ਮੁਹੰਮਦ ਖਾਲਦ (ਮੀਰਪੁਰ ਖਾਸ ਸਿੰਧ)

......ਤੇ ਹੁਣ ਆਪਣੇ ਸੂਬੇ ਪੰਜਾਬ ਵੱਲ ਆਉਨੇ ਆਂ । ਸੂਬੇ ਪੰਜਾਬ ਵਿਚ ਸਿਰਫ ਬਹੁ-ਗਿਣਤੀ ਵਾਲੀ ਇਕ ਹੀ ਜ਼ੁਬਾਨ ਪੰਜਾਬੀ ਬੋਲਣ ਵਾਲੇ ਵੱਸਦੇ ਨੇ ਪਰ ਏਥੇ ਪੰਜਾਬੀ ਜ਼ੁਬਾਨ ਨਾਲ ਸ਼ਰਮਨਾਕ ਸਲੂਕ ਹੋ ਰਿਹਾ ਏ । ਮੁੱਢਲਾ ਪੜ੍ਹਾਈ ਦਾ ਵਸੀਲਾ ਪੰਜਾਬੀ



ਦੀ ਬਜਾਏ ਉਰਦੂ ਏ, ਜ਼ੀਹਦੇ ਕਰਕੇ ਯੂਨੀਸਫ ਅਦਾਰੇ ਦੀ ਰਿਪੋਰਟ ਅਨੁਸਾਰ 75 ਫੀਸਦੀ ਬਾਲ ਆਪਣੀ ਪੜ੍ਹਾਈ ਪ੍ਰਾਇਮਰੀ ਵਿਚ ਹੀ ਛੱਡ ਦੇਂਦੇ ਨੇ । ਕਿਉਂਕਿ ਜੋ ਮਾਂ ਬੋਲੀ ਪੰਜਾਬੀ ਰਾਹੀਂ ਵਿਦਿਆ ਨਹੀਂ ਦਿੱਤੀ ਜਾਂਦੀ ਤੇ ਉਰਦੂ ਉਹਨਾਂ ਮਾਸੂਮ ਬਾਲਾਂ ਨੂੰ ਸਮਝ ਨਹੀਂ ਆਉਂਦੀ ।

ਅੱਗੇ ਚੱਲੀਏ ਪੰਜਾਬ ਅਸੈਂਬਲੀ ਵੱਲ । ਤੇ ਮਾਮਲਾ ਹੀ ਉਲਟ । ਪਈ ਪੰਜਾਬੀ ਬੋਲਣ ਲਈ ਵੀ ਸਪੀਕਰ ਤੋਂ ਆਗਿਆ ਲੈਣੀ ਪੈਂਦੀ ਏ । ਦੱਸੋ ਕਿੱਡਾ ਵੱਡਾ ਧਰੋਹ ਏ, ਪਈ ਆਪਣੀ ਮਾਂ-ਬੋਲੀ ਵਿਚ ਗੱਲ ਕਰਨ ਤੋਂ ਪਹਿਲਾਂ ਕਿਸੇ ਦੂਜੇ ਬੰਦੇ ਤੋਂ ਪੁਛਿਆ ਜਾਵੇ, ਪਈ ਮੈਂ ਆਪਣੀ ਜ਼ੁਬਾਨ ਬੋਲਾਂ ਜਾਂ ਨਾ ਬੋਲਾਂ । ਸੂਬੇ ਪੰਜਾਬ ਦੇ ਮੁੱਖ ਮੰਤਰੀ ਜਾਂ ਸੂਬਾਈ ਮੰਤਰੀਆਂ ਨੇ ਕਦੇ ਵੀ ਕਿਸੇ ਜਲਸੇ ਵਿਚ ਪੰਜਾਬੀ ਵਿਚ ਤਕਰੀਰ ਨਹੀਂ ਕੀਤੀ । ਅਸੈਂਬਲੀ ਵਿਚ ਵੀ ਤਕਰੀਰਾਂ ਤੇ ਬਹਿਸ ਉਰਦੂ ਵਿਚ ਹੁੰਦੇ ਨੇ ।

ਛੇਵੀਂ ਜਮਾਤ ਤੋਂ ਪੰਜਾਬੀ ਦੀ ਪੜ੍ਹਾਈ ਵਾ ਅਖਤਿਆਰੀ (ਚੋਣਵੇਂ) ਮਜਮੂਨ ਦੀ ਹੈਸੀਅਤ ਨਾਲ ਪੜ੍ਹਾਉਣ ਦੀ ਆਗਿਆ ਹੈ, ਪਰ ਅਜੇ ਤੀਕ ਪੰਜਾਬ ਦੇ ਸਿਰਫ 10 ਫੀਸਦੀ ਮਿਡਲ ਤੇ ਹਾਈ ਸਕੂਲਾਂ ਵਿਚ ਪੰਜਾਬੀ ਦਾ ਅਖਤਿਆਰੀ ਵਿਸ਼ਾ ਪੜ੍ਹਾਇਆ ਜਾਂਦਾ ਏ । ਜਿਹੜੇ ਨੌਜਵਾਨ ਪੰਜਾਬੀ ਵਿਚ ਐਮ. ਏ. ਪਾਸ ਕਰਦੇ ਨੇ, ਉਹਨਾਂ ਨੂੰ ਨੌਕਰੀ ਨਹੀਂ ਲੱਭਦੀ । ਪੂਰੀ ਦੁਨੀਆਂ ਵਿਚ ਸਿਰਫ ਪਾਕਿਸਤਾਨੀ ਪੰਜਾਬ ਇਕ ਇਹੋ ਜਿਹਾ ਇਲਾਕਾ ਏ, ਜਿਥੇ ਵਿਦਿਆ ਦਾ ਮਾਧਿਅਮ ਮਾਂ ਬੋਲੀ ਦੀ ਥਾਂ ਗੈਰ-ਮਾਂ ਬਲੀ ਏ ।

ਰੇਡੀਓ ਸਟੇਸ਼ਨਾਂ ਤੋਂ ਪੰਜਾਬੀ ਜ਼ੁਬਾਨ ਦੇ ਪ੍ਰੋਗਰਾਮਾਂ ਨੂੰ ਬਿਲਕੁਲ ਮਾਮੂਲੀ ਵੇਲਾ ਦਿੱਤਾ ਜਾਂਦਾ ਏ । ਪੰਜਾਬੀ ਬੋਲੀ ਨਾਲ ਧਰੋਹ ਕਰਦਿਆਂ ਹੋਇਆਂ, ਮਾਮੂਲੀ ਫਰਕ ਵਾਲੀਆਂ ਉਪ-ਬੋਲੀਆਂ ਨੂੰ ਵੱਖਰੀਆਂ ਜ਼ੁਬਾਨਾਂ ਬਣਾ ਦਿੱਤਾ ਗਿਆ ਏ ਤੇ ਬਾਕਾਇਦਾ ਪੰਜਾਬ ਦਿਆਂ ਰੇਡੀਓ ਸਟੇਸ਼ਨਾਂ ਨੇ ਉਹਨਾਂ ਸਥਾਨਕ ਉਚਾਰਣ/ਭਦਾਂ ਵਿਚ ਪ੍ਰੋਗਰਾਮ ਸ਼ੁਰੂ ਕੀਤੇ ਗਏ ਨੇ । ਮਿਸਾਲ ਵਜੋਂ ਮੁਲਤਾਨ ਦੇ ਬਹਾਵਲਪੁਰ ਰੇਡੀਓ ਤੋਂ ਇਕ ਮਿੰਟ ਦਾ ਵੀ ਪੰਜਾਬੀ ਪ੍ਰੋਗਰਾਮ ਨਸ਼ਰ ਨਹੀਂ ਹੁੰਦਾ । ਏਸੇ ਤਰ੍ਹਾਂ ਰੇਡੀਓ ਲਾਹੌਰ ਤੋਂ ਲਹਿੰਦਾ ਲਹਿਜ਼ ਉਪ-ਬੋਲੀ ਨੂੰ ਸਰਾਇਕੀ ਦਾ ਨਾਂ ਦੇ ਏ ਪ੍ਰੋਗਰਾਮ ਕੀਤੇ ਗਏ ਤੇ ਇਹਨਾਂ ਦੋਵਾਂ ਸਟੇਸ਼ਨਾਂ ਤੋਂ ਸਿਵਾਏ ਪੰਜਾਬੀ ਸੂਬਾਈ ਖ਼ਬਰਾਂ ਦੇ ਹੋਰ ਪ੍ਰੋਗਰਾਮ ਨਹੀਂ ਹੁੰਦੇ ।

ਏਸੇ ਤਰ੍ਹਾਂ ਰਾਵਲਪਿੰਡੀ ਜ਼ਿਲ੍ਹੇ ਤੇ ਪੋਠੋਹਾਰ ਇਲਾਕੇ ਦੀ ਪੰਜਾਬੀ ਬੋਲੀ ਨੂੰ ਪੋਠੋਹਾਰੀ ਦਾ ਨਾਂ ਦੇ ਕੇ ਰਾਵਲਪਿੰਡੀ ਰੇਡੀਓ ਸਟੇਸ਼ਨ ਤੋਂ ਪ੍ਰੋਗਰਾਮ ਸ਼ੁਰੂ ਕਰ ਦਿੱਤੇ ਗਏ ਨੇ ਰਾਵਲਪਿੰਡੀ ਤੋਂ ਪੋਠੋਹਾਰੀ ਉਪ ਬੋਲੀ ਵਿਚ ਤਿੰਨ ਕਲਾਰਕ ਰੋਜ਼ਾਨਾ ਤੇ ਪੰਜਾਬੀ ਬੋਲੀ ਵਿਚ ਸਿਰਫ 50 ਮਿੰਟ ਸਟੇਸ਼ਨ ਰੋਜ਼ਾਨਾ ਪ੍ਰੋਗਰਾਮ ਪੇਸ਼ ਕਰਦਾ ਹੈ...ਮਤਲਬ ਇਹ ਹੈ ਕਿ ਪੰਜਾਬ ਵਿਚ ਪੰਜਾਬੀ ਜ਼ਬਾਨ ਨਾਲ ਹਰ ਖੇਤਰ ਵਿਚ ਬੇਇਨਸਾਫੀ ਹੋ ਰਹੀ ਹੈ । ਅੱਜ ਵੀ ਜੇਕਰ ਅਸੀਂ ਸਭ ਪੰਜਾਬੀ ਇਕ ਮੁੱਠ ਹੋ ਕੇ ਕੋਸ਼ਿਸ਼ ਕਰੀਏ ਤਾਂ ਇਨਸ਼-ਅੱਲਾ ਸਾਡੀ ਪੰਜਾਬੀ ਮਾਂ-ਬੋਲੀ ਨੂੰ ਇਸ ਚੋ ਖੋਹੇ ਹੋਏ ਹੱਕ ਮਿਲ ਸਕਦੇ ਨੇ ।

(ਲਾਹੌਰ ਤੋਂ ਛਪਦੇ 'ਲਹਿਰਾਂ' ਦੇ ਅਹਿਮਦ ਜ਼ਫ਼ਰ ਅੰਕ ਦਸੰਬਰ 92 ਵਿਚੋਂ)

ਚਿਰਾਗ਼-4 ਦੀ ਸ਼ਾਇਰੀ 'ਤੇ ਮੋਟੀ ਜਿਹੀ ਝਾਤ ਮਾਰਨ ਤੋਂ ਬਾਅਦ ਜਿਸ ਮੈਟਰ ਨੂੰ ਸਭ ਤੋਂ ਪਹਿਲਾਂ ਪੜ੍ਹਿਆ, ਉਹ ਸੀ ਸ੍ਰੀ ਸੰਤੋਖ ਸਿੰਘ ਧੀਰ ਦੀ ਕਹਾਣੀ 'ਜਮਪੁਰੀ ਨੂੰ ਜਾਂਦਾ ਰਾਹ'। ਕਹਾਣੀ ਪੜ੍ਹ ਕੇ ਇਕ ਵਾਰ ਤਾਂ ਇਉਂ ਲੱਗਿਆ ਕਿ ਇਹ ਕਹਾਣੀ ਧੀਰ ਸਾਹਿਬ ਦੀ ਹੋ ਹੀ ਨਹੀਂ ਸਕਦੀ। ਜ਼ਰੂਰ ਹੀ ਇਸ ਉੱਤੇ ਲੇਖਕ ਦਾ ਨਾਮ ਗ਼ਲਤ ਛਪਿਆ ਹੈ। ਪਰ ਫਿਰ ਲੱਗਾ ਕਿ ਇਹ ਤਾਂ 'ਚਿਰਾਗ਼' ਦੀ ਤੈਅਸ਼ੁਦਾ ਨੀਤੀ ਨੂੰ ਹੀ ਚੈਲਿੰਜ ਕਰਨ ਵਾਲੀ ਕਹਾਣੀ ਹੈ। ਇਸ ਗੱਲ ਨੇ ਮੈਨੂੰ ਬਹੁਤ ਹੀ ਨਿਰਾਸ਼ ਕੀਤਾ ਹੈ। ਜੇ 'ਚਿਰਾਗ਼' ਦੀ ਨੀਤੀ ਦੋਸਤੀ ਦੀ ਭੇਂਟ ਚੜ੍ਹਦੀ ਰਹੀ, ਤਾਂ ਪ੍ਰਤੀਬੱਧਤਾ ਦਾ ਕੀ ਬਣੇਗਾ ?

ਸੁਸੀਲ ਦੁਸਾਂਝ
ਦੁਸਾਂਝ ਕਲਾਂ

---

## ਪ੍ਰਾਪਤ ਪੁਸਤਕਾਂ

1. ਬਰਤਾਨਵੀ ਪੰਜਾਬੀ ਸਾਹਿਤ ਦੇ ਮਸਲੇ (ਆਲੋਚਨਾ) ਡਾ: ਦੇਵਿੰਦਰ ਚੰਦਨ, ਮੁੱਲ 100/- ਪੰਨੇ 128, ਸੂਰਜ ਪ੍ਰਕਾਸ਼ਨ ਦਿੱਲੀ-92।
2. ਮਮੀਰੇ ਦੀ ਗੰਢੀ (ਕਵਿਤਾ) ਗੁਰਮੀਤ ਹਸਰਤਪੁਰੀ ਮੁੱਲ 45/- ਪੰਨੇ 80, ਅਧਰਲੀ ਪਬਲਿਸ਼ਰਜ਼ ਵਿਚ।
3. ਦਵੰਦਵਾਦੀ ਸਮੀਖਿਆ ਪ੍ਰਣਾਲੀ (ਆਲੋਚਨਾ) ਡਾ: ਸਵਰਨ ਚੰਦਨ, ਮੁੱਲ 140/- ਪੰਨੇ 168 ਸੂਰਜ ਪ੍ਰਕਾਸ਼ਨ ਦਿੱਲੀ।
4. ਉਦਾਸ ਹੋਈ ਕਵਿਤਾ (ਨਜ਼ਮ) ਹਰਭਜਨ ਸਿੰਘ ਹੁੰਦਲ, ਪੰਨੇ 88, ਮੁੱਲ 45/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
5. ਸਤਲੁਜ ਦਾ ਸਿਰਨਾਵਾਂ (ਗੀਤ/ਗ਼ਜ਼ਲਾਂ) ਹਰਭਜਨ ਸਿੰਘ ਹੁੰਦਲ, ਪੰਨੇ 88, ਮੁੱਲ 45/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
6. ਮਿਟ ਰਹੀਆਂ ਪੈੜਾਂ, ਕਰਤਾਰ ਸਿੰਘ ਅਰਸ਼, ਮੁੱਲ 40/- ਪੰਨੇ 146, ਪ੍ਰਕਾਸ਼ਕ ਪੰਜਾਬੀ ਸਾਹਿਤ ਸਭਾ ਬੰਡਾਲਾ (ਜਲੰਧਰ)
7. ਕੇਹੀ ਕਾਲੀ ਰਾਤ (ਕਹਾਣੀ ਸੰਗ੍ਰਹਿ) ਸੰਪਾਦਕ ਡਾ: ਸ਼ਿਆਮ ਸੁੰਦਰ ਦੀਪਤੀ, ਤਲਵਿੰਦਰ ਸਿੰਘ, ਪ੍ਰਕਾਸ਼ਕ ਲੋਕ ਧਾਰਾ ਪ੍ਰਕਾਸ਼ਨ, ਅੰਮ੍ਰਿਤਸਰ ਮੁੱਲ 60/-
8. (ੳ) ਕਾਲੇ ਦਿਨ (ਨਾਵਲ) ਮੁੱਲ 150/-
(ਅ) ਚੰਗੇ ਦਿਨਾਂ ਦੀ ਆਸ (ਨਾਵਲ) ਮੁੱਲ 150/- ਲੇਖਕ ਜਸਦੇਵ ਸਿੰਘ ਧਾਲੀਵਾਲ, ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਸਰਹਿੰਦ।




**With best compliments from :**

# FREEDOM SALES

**G. T. Road (Near Canal),**
**AMRITSAR-143001**

Awarded with Gold Medel & Udyog Patra by
Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & SEAT BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resi. Phone :
224453, 220018, 224853,
221500, 62148,
Grams : 'FREEDOM'

ਉੱਤਰੀ ਭਾਰਤ ਵਿਚ ਸਿਰਫ ਇੱਕੋ

ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ

# ਭੂਪਿੰਦਰਾ ਨਰਸਿਗ ਹੋਮ

**ਸਾਡੀਆਂ ਵਿਸ਼ੇਸ਼ਤਾਈਆਂ :**

★ **ਚਰਬੀ ਕੱਢਣ,** ਸਰੀਰ ਚੋਂ ਵਾਧੂ ਜਮ੍ਹਾ ਹੋਈ ਚਰਬੀ ਕੱਢਣਾ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ।

★ **ਸ਼ਫ਼ੇਦ ਦਾਗ਼,** ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗ਼ਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਨੂੰ ਵੱਡਾ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ ਉਮਰ ਦੇ ਪਰਭਾਵਾਂ ਨੂੰ ਘਟਾਕੇ, ਜਵਾਨ ਦਿੱਖ ਬਹਾਲ ਕਰਨੀ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਣਾ।

**ਵਿਸ਼ੇਸ਼ :**

★ ਦਾਗ਼, ਧੱਬੇ ਜਾਂ ਲਸਣ ਨੂੰ ਮਿਟਾਉਣਾ।

★ ਗੰਜੇਪਨ ਦਾ ਇਲਾਜ ਵਾਲਾਂ ਦੇ ਪ੍ਰਤੀਰੂਪਣ ਰਾਹੀਂ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ।

★ ਜਲੇ ਸੜੇ ਦਾ ਇਲਾਜ

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ ਆਦਿ ਦੀ ਦਰੁਸਤੀ।

## ਡਾ. ਬੀ. ਪੀ. ਸਿੰਘ ਐਮ. ਐਸ.

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ**

ਨੇੜੇ ਸੈਂਟਰਲ ਟਾਉਨ ਗੁਰਦਵਾਰਾ ਦੀਵਾਨ ਅਸਥਾਨ,

ਮਿਲਾਪ ਰੋਡ, ਜਲੰਧਰ-144001

ਟੈਲੀਫੂਨ ; 223376, 224228, 221295